ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE 24 HOURS

ਪੰਜਾਬ ਐਬਟਸਫੋਰਡ
# ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria, Nanaimo, Prince George, Kamloops, Kelowna, Oliver, Squamish | ALBERTA Edmonton, Calgary | ONTARIO Ottawa, Brampton, Toronto | QUEBEC Montreal | USA Greater Seattle, Everett, Marysville, Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 33, Issue No. 06 Ending Date: Feb 06, 2026

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR FINANCIAL GROUP INC.
LAKHJIT SARANG
604-613-9100

# ਵਿਦੇਸ਼ਾਂ ‘ਚ ਸਿੱਖਾਂ ਵੱਲੋਂ 26 ਜਨਵਰੀ ਮੌਕੇ ਹਿੰਦੁਸਤਾਨੀ ਅੰਬੈਸੀਆਂ ਦੇ ਬਾਹਰ ਭਾਰੀ ਵਿਰੋਧ ਪ੍ਰਦਰਸ਼ਨ

## ਹਿੰਦੁਸਤਾਨ ਦੀ ਮੌਜੂਦਾ ਸਰਕਾਰ ‘ਤੇ ਸਿੱਖ ਆਵਾਜ਼ਾਂ ਨੂੰ ਦਬਾਉਣ ਦਾ ਦੋਸ਼:ਅੰਤਰਰਾਸ਼ਟਰੀ ਦਖ਼ਲ ਦੀ ਕੀਤੀ ਗਈ ਮੰਗ

ਲੰਡਨ (ਮਨਪ੍ਰੀਤ ਸਿੰਘ ਖਾਲਸਾ):ਲੰਡਨ, ਇਟਲੀ, ਕੈਨੇਡਾ ਦੇ ਸਰੀ, ਓਟਾਵਾ, ਅਮਰੀਕਾ, ਨਿਊਜ਼ੀਲੈਂਡ, ਆਸਟ੍ਰੇਲੀਆ, ਜਰਮਨੀ ਸਮੇਤ ਹੋਰ ਕਈ ਦੇਸ਼ਾਂ ਵਿਚ ਆਜ਼ਾਦੀਪਸੰਦ ਸਿੱਖ/ ਪੰਜਾਬੀ ਖਾਲਿਸਤਾਨ ਪੱਖੀ ਨਾਅਰੇ ਲਗਾਉਂਦੇ ਹੋਏ, ਹਿੰਦੁਸਤਾਨ ਦੇ ਸ਼ਰਾਫ਼ਤ ਘਰ ਦੇ ਬਾਹਰ ਵਡੀ ਗਿਣਤੀ ਵਿਚ ਇਕੱਠੇ ਹੋਏ ਅਤੇ ਹਿੰਦੁਸਤਾਨੀ ਹਾਈ ਕਮਿਸ਼ਨ ਦੇ ਬਾਹਰ 26 ਜਨਵਰੀ ਨੂੰ ‘ਕਾਲਾ ਦਿਵਸ’ ਮਨਾਉਂਦੇ ਹੋਏ ਇਸ ਦਾ ਵੱਡੇ ਪੱਧਰ ਤੇ ਵਿਰੋਧ ਪ੍ਰਦਰਸ਼ਨ ਕੀਤਾ।ਪ੍ਰਦਰਸ਼ਨਕਾਰੀ ਹਿੰਦੁਸਤਾਨੀ ਸਰਕਾਰ ਵਿਰੁੱਧ ਵਿਰੋਧ ਪ੍ਰਦਰਸ਼ਨ ਕਰਨ ਲਈ ਇਕੱਠੇ ਹੋਏ, ਨਾਅਰੇਬਾਜ਼ੀ ਕਰਦੇ ਹੋਏ ਅਤੇ ਵੱਖਰੇ ਸਿੱਖ ਰਾਜ ਦੀ ਸਥਾਪਨਾ ਦੀ ਮੰਗ ਕਰਦੇ ਬੈਨਰ ਫੜ ਕੇ ਨਜਰੀ ਪੈ ਰਹੇ ਸਨ।ਭਾਈ ਪਰਮਜੀਤ ਸਿੰਘ ਪੰਮਾ ਨੇ ਹਿੰਦੁਸਤਾਨ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ, ਖਾਸ ਕਰਕੇ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਘੱਟ ਗਿਣਤੀ ਸਮੂਹਾਂ ਨਾਲ ਵਿਵਹਾਰ ਦੇ ਦੋਸ਼ਾਂ ਦੀ।ਖਾਲਿਸਤਾਨੀ ਪ੍ਰਦਰਸ਼ਨਕਾਰੀਆਂ ਨੇ ਹਿੰਦੁਸਤਾਨ ਦੀ ਮੌਜੂਦਾ ਸਰਕਾਰ ‘ਤੇ ਸਿੱਖ ਆਵਾਜ਼ਾਂ ਨੂੰ ਦਬਾਉਣ ਦਾ ਦੋਸ਼ ਲਗਾਇਆ ਅਤੇ ਅੰਤਰਰਾਸ਼ਟਰੀ ਦਖਲ ਦੀ ਮੰਗ ਕੀਤੀ।ਰੈਲੀ ਵਿੱਚ ਬੋਲਣ ਵਾਲਿਆਂ ਵਿੱਚ ਪ੍ਰਮੁੱਖ ਖਾਲਿਸਤਾਨ ਸਮਰਥਕ ਪਰਮਜੀਤ ਸਿੰਘ ਪੰਮਾ ਵੀ ਸ਼ਾਮਲ ਸਨ। ਭਾਈ ਪੰਮਾ, ਜੋ ਕਿ ਐਸਐਫਜੇ ਦੇ ਮੈਂਬਰ ਹਨ।ਉਨ੍ਹਾਂ ਨੇ ਕਿਹਾ ਕਿ ਸਿੱਖ ਪੰਥ ਅਜੇ ਵੀ 1984 ਦੇ ਸਿੱਖ ਕਤਲੇਆਮ ਦੀਆਂ ਘਟਨਾਵਾਂ ਤੋਂ ਗੁੱਸੇ ਵਿੱਚ ਹਨ ਦੋਸ਼ੀਆਂ ਨੂੰ ਬਰੀ ਕੀਤਾ ਜਾ ਰਿਹਾ ਹੈ ਅਤੇ ਇਸਦਾ ਇੱਕੋ ਇੱਕ ਤਰੀਕਾ “ਇੱਕ ਸੁਤੰਤਰ ਸਿੱਖ ਰਾਜ” ਦੀ ਸਿਰਜਣਾ ਹੈ। ਕੈਨੇਡਾ ਵਿਚ ਹੋਏ ਪ੍ਰਦਰਸ਼ਨ ਵਿਚ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ ਨੇ ਕਿਹਾ ਹਿੰਦੁਸਤਾਨੀ ਸਰਕਾਰ ਲੋਕਤੰਤਰ ਦੇ ਨਾਮ ਹੇਠ ਤਾਨਾਸ਼ਾਹੀ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।ਸਿੱਖ ਕਿੱਥੇ ਵੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਹਨ ਅਤੇ ਅਸੀਂ ਆਪਣੇ ਹੱਕ ਚਾਹੁੰਦੇ ਹਾਂ।ਉਨ੍ਹਾਂ ਕਿਹਾ ਹਿੰਦੁਸਤਾਨੀ ਸੰਵਿਧਾਨ ਨੂੰ ਅਪਣਾਉਣ ਨਾਲ, ਸਿੱਖਾਂ ਨੇ ਆਪਣੀ ਵੱਖਰੀ ਪਛਾਣ ਗੁਆ ਦਿੱਤੀ ਅਤੇ ਉਦੋਂ ਤੋਂ ਹੀ ਸੰਵਿਧਾਨਕ ਗਲਤੀਆਂ ਨੂੰ “ਦਰੁਸਤ” ਕਰਵਾਉਣ ਲਈ ਸੰਘਰਸ਼ ਕਰ ਰਹੇ ਹਨ।ਉਨ੍ਹਾਂ ਦੋਸ਼ ਲਗਾਇਆ ਕਿ ਸਿੱਖਾਂ ਦੀ ਵੱਖਰੀ ਪਛਾਣ ਨੂੰ ਧਾਰਾ 25(ਬੀ(2) ਅਧੀਨ ਸ਼ਾਮਲ ਕੀਤਾ ਜਾ ਰਿਹਾ ਹੈ ਅਤੇ ਸਿੱਖਾਂ ‘ਤੇ ਹਿੰਦੂ ਨਿੱਜੀ ਕਾਨੂੰਨ ਥੋਪੇ ਜਾ ਰਹੇ ਹਨ ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ ਸੰਵਿਧਾਨ ਨੂੰ ਉਲਟਾ ਕੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ”, ਸੁਰੱਖਿਆ ਬਲਾਂ ਅਤੇ ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਸਿੱਖਾਂ ਨੂੰ ਇਨਸਾਫ਼ ਤੋਂ ਇਨਕਾਰ ਕਰਨ ਅਤੇ ਸਿੱਖ ਨਜ਼ਰਬੰਦਾਂ ਲਈ ਅਸਮਾਨ ਕਾਨੂੰਨਾਂ ਅਤੇ ਨਿਯਮਾਂ ਦਾ ਵਿਰੋਧ ਕਰਨਾ ਵੀ ਹੈ। ਰੋਸ ਮੁਜਾਹਰੇ ਵਿੱਚ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ, ਸਿੱਖ ਫੈਡਰੇਸ਼ਨ ਯੂ,ਕੇ ਦੇ ਆਗੂ ਭਾਈ ਨਰਿੰਦਰਜੀਤ ਸਿੰਘ ਥਾਂਦੀ,ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਭਾਈ ਨਿਰਮਲ ਸਿੰਘ ਸੰਧੂ, ਕੌਂਸਲ ਆਫ ਖਾਲਿਸਤਾਨ ਦੇ ਮੁਖੀ ਭਾਈ ਅਮਰੀਕ ਸਿੰਘ ਸਹੋਤਾ, ਸਿੱਖ ਫਾਰ ਜਸਟਿਸ ਦੇ ਆਗੂ ਭਾਈ ਦੁਪਿੰਦਰਜੀਤ ਸਿੰਘ, ਭਾਈ ਪਰਮਜੀਤ ਸਿੰਘ ਪੰਮਾ, ਭਾਈ ਰਣਜੀਤ ਸਿੰਘ ਸਰਾਏ, ਭਾਈ ਗੁਰਚਰਨ ਸਿੰਘ ਦਲ ਖਾਲਸਾ, ਭਾਈ ਬਲਵਿੰਦਰ ਸਿੰਘ ਢਿਲੋਂ, ਜਥੇਦਾਰ ਬਲਬੀਰ ਸਿੰਘ, ਗੁਰੂ ਨਾਨਕ ਸਿੰਘ ਗੁਰਦੁਆਰਾ ਤੋ ਭਾਈ ਗੁਰਮੀਤ ਸਿੰਘ ਤੂਰ, ਗੁਰਮੀਤ ਸਿੰਘ ਗਿੱਲ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਮੰਜਿੰਦਰ ਸਿੰਘ ਖਾਲਸਾ, ਭਾਈ ਅਜੇਪਾਲ ਸਿੰਘ ਸਿੱਧੂ, ਭਾਈ ਅਜੇਪਾਲ ਸਿੰਘ, ਭਾਈ ਚਰਨਜੀਤ ਸਿੰਘ, ਭਾਈ ਦਲਜੀਤ ਸਿੰਘ, ਭਾਈ ਰਜਿੰਦਰ ਸਿੰਘ ਨੱਤ, ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਦੇ ਪ੍ਰਬੰਧਕ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਐਬਸਫੋਰਡ ਤੋਂ ਕਰਨੈਲ ਸਿੰਘ ਟੁੱਟ, ਭਾਈ ਜਰਨੈਲ ਸਿੰਘ, ਭਾਈ ਰਣਜੀਤ ਸਿੰਘ, ਜਲਾਵਤਨੀ ਬਾਬਾ ਸੰਤੋਖ ਸਿੰਘ ਸਮੇਤ ਵਡੀ ਗਿਣਤੀ ਅੰਦਰ ਸਿੱਖ ਆਗੂ ਅਤੇ ਸੰਗਤਾਂ ਪਹੁੰਚੀਆਂ ਹੋਈਆ ਸਨ।




Space Available for your Ad
ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ
PUNJAB GUARDIAN
Call to Advertise 604-590-5200

ਸੁਪਰ ਵੀਜ਼ਾ
ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
“ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।”
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇਂ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ ‘ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਨਵੇਂ ਅਤੇ ਪੁਰਾਣੇ ਟਰੱਕ ਅਤੇ ਟਰੇਲਰ, ਬੱਸਾਂ ਖਰੀਦਣ ਲਈ ਇਕ ਸਟਾਪ ਮੰਜ਼ਿਲ
ਵਧੇਰੇ ਜਾਣਕਾਰੀ ਲਈ ਫੋਨ ਕਰੋ:672-727-9560
(ਇਸ਼ਤਿਹਾਰ ਸਫਾ ਬੀ-7 ਤੇ ਦੇਖੋ)

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS • TOURS • CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan 604-746-9222
Email:mohietravel@gmail.com

Universal Auto Collision Ltd.
• ICBC Claims • Private Claims • Free Courtesy Cars
• Auto Glass Replacement • Free Estimates Fax: 604-596-3800
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਐਸਟੀਮੇਟ
ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ
Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ
778-552-0305


FARM AND SPICE
FARM AND SPICE
Weekly Special
*Special Sampling in Certain Stores*
Jan 30 – Feb 05
ਅਦਰਕ
Ginger
Per lb
$1.49
ਲਾਲ ਪਿਆਜ਼
Red Onion
25 Lbs
$10.99
ਨਿੰਬੂ
Limes
4 for
$0.99
ਕੀਵੀ
Kiwi Green / Golden
1 lb
5 Pcs
$2.99
ਅਰਬੀ
Tara Root
Per lb
$1.49
ਲੌਕੀ
Opo Long
Per lb
$1.49
ਸੰਤਰੇ
Mandarin
Per lb
$1.49
ਲਸਣ
Garlic
1 Kg
each
$2.99
ਮੇਹਰਬਾਨ ਖਜੂਰ
Meharban Pitted Dates
680 gms
$5.99
ਹਾਂਡੀ ਫੂਲ ਮਖਾਣਾ
Handi Phool Makhana
400 gms
$14.99
ਸ਼ੇਰ ਬਾਸਮਤੀ
Sher Pure Long Basmati Rice
10 Lbs
$11.99
ਸਵੇਰਾ ਪਨੀਰ
Savera Paneer
400 gms
$4.99
ਸ਼ੇਰ ਆਟਾ
Sher Desi Style Atta
20 Lbs
$14.99
ਸ਼ੇਰ ਦਾਲਾਂ
Sher Kala Chana / Chana Daal / Red Split / Moong Wash
4 Lbs
$4.99
ਰੂਹਆਫਜ਼ਾ
Roohafza Pakistani
800 ml
$3.99
ਮੈਮਪਸਟਰ ਗੋਲਗਪੇ
Mampster Golgappa
290 gms
$8.99
*while supply last
Open 7 Days a Week
8:30 am to 10:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਭਾਰਤ ਦਾ ਯੂਰਪੀ ਯੂਨੀਅਨ ਨਾਲ ਵਪਾਰ ਸਮਝੌਤਾ ਸਹੀਬੰਦ, ਅਮਰੀਕਾ ਚਿੜ੍ਹਿਆ



ਨਵੀਂ ਦਿੱਲੀ:ਭਾਰਤ ਤੇ ਯੂਰਪੀ ਯੂਨੀਅਨ ਵਿਚਾਲੇ 18 ਸਾਲ ਦੀ ਲੰਮੀ ਗੱਲਬਾਤ ਤੋਂ ਬਾਅਦ ਮੰਗਲਵਾਰ ਮੁਕਤ ਵਪਾਰ ਸਮਝੌਤਾ (ਫਰੀ ਟਰੇਡ ਐਗਰੀਮੈਂਟਐੱਫ ਟੀ ਏ) ਹੋ ਗਿਆ। ਇਸ ਸਮਝੌਤੇ ਨੂੰ 2017 ਵਿੱਚ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਸਮਝੌਤੇ ਤੋਂ ਬਾਅਦ ਬੀ ਐੱਮ ਡਬਲਿਊ, ਮਰਸਡੀਜ਼-ਬੈਂਜ਼, ਔਡੀ, ਪੋਰਸ਼, ਵੋਲਵੋ, ਫੌਕਸਵੈਗਨ, ਸਕੋਡਾ, ਲੈਂਬੋਰਗਿਨੀ ਅਤੇ ਫਰਾਰੀ ਵਰਗੀਆਂ ਯੂਰਪੀ ਕਾਰਾਂ ’ਤੇ ਲੱਗਣ ਵਾਲੇ 110 ਫੀਸਦੀ ਟੈਕਸ ਨੂੰ ਘਟਾ ਕੇ 10 ਫੀਸਦੀ ਕਰ ਦਿੱਤਾ ਜਾਵੇਗਾ। ਯੂਰਪੀ ਸ਼ਰਾਬ ਤੇ ਵਾਈਨ ’ਤੇ ਵੀ ਟੈਕਸ 150 ਫੀਸਦੀ ਤੋਂ ਘਟਾ ਕੇ 20-30 ਫੀਸਦੀ ਕੀਤਾ ਜਾਵੇਗਾ। ਭਾਰਤ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥ ਵਿਵਸਥਾ ਹੈ, ਜਦਕਿ ਯੂਰਪੀ ਯੂਨੀਅਨ ਦੂਜੀ ਸਭ ਤੋਂ ਵੱਡੀ। ਦੋਨੋਂ ਮਿਲਾ ਕੇ ਵਿਸ਼ਵ ਜੀ ਡੀ ਪੀ ਦਾ ਕਰੀਬ 25 ਫੀਸਦੀ ਤੇ ਦੁਨੀਆ ਦੇ ਕੁਲ ਵਪਾਰ ਦਾ ਲਗਪਗ ਇੱਕ-ਤਿਹਾਈ ਹਿੱਸਾ ਰੱਖਦੇ ਹਨ।ਇਸੇ ਦੌਰਾਨ ਅਮਰੀਕੀ ਖਜ਼ਾਨਾ ਮੰਤਰੀ ਸਕੌਟ ਬੇਸੈਂਟ ਨੇ ਕਿਹਾ ਕਿ ਭਾਰਤ ਨਾਲ ਵਪਾਰ ਸਮਝੌਤੇ ’ਤੇ ਦਸਤਖਤ ਕਰਕੇ ਯੂਰਪੀ ਯੂਨੀਅਨ ਆਪਣੇ ਹੀ ਖਿਲਾਫ ਜੰਗ ਦਾ ਐਲਾਨ ਕਰ ਰਿਹਾ ਹੈ। ਬੇਸੈਂਟ ਨੇ ਚਿਤਾਵਨੀ ਦਿੱਤੀ ਹੈ ਕਿ ਯੂਰਪ, ਭਾਰਤ ਨਾਲ ਸਮਝੌਤਾ ਕਰ ਕੇ ਆਪਣੇ ਵਿਰੁੱਧ ਜੰਗ ਨੂੰ ਖੁਦ ਫੰਡ ਦੇ ਰਿਹਾ ਹੈ। ਸਕੌਟ ਬੇਸੈਂਟ ਨੇ ਕਿਹਾ, ‘ਯੂਰਪ ਨੇ ਰੂਸ ਨਾਲ ਸਿੱਧੇ ਊਰਜਾ ਸੰਬੰਧ ਕਾਫੀ ਹੱਦ ਤਕ ਖਤਮ ਕਰ ਦਿੱਤੇ ਹੋਣਗੇ, ਪਰ ਉਹ ਭਾਰਤ ਵਿੱਚ ਸੋਧੇ ਰੂਸੀ ਤੇਲ ਉਤਪਾਦ ਖਰੀਦ ਕੇ ਅਸਿੱਧੇ ਤੌਰ ’ਤੇ ਰੂਸ-ਯੂਕਰੇਨ ਜੰਗ ਨੂੰ ਫੰਡ ਦੇ ਰਿਹਾ ਹੈ, ਜਦੋਂ ਕਿ ਅਮਰੀਕਾ ਨੇ ਭਾਰਤ ’ਤੇ ਟੈਰਿਫ ਲਗਾਏ ਹਨ।’ਇਹ ਸਮਝੌਤਾ ਅਜਿਹੇ ਸਮੇਂ ਹੋਇਆ ਹੈ, ਜਦੋਂ ਅਮਰੀਕਾ ਵੱਲੋਂ ਹੋਰ ਦੇਸ਼ਾਂ ’ਤੇ ਭਾਰੀ ਟੈਕਸ ਲਾਏ ਜਾਣ ਕਾਰਨ ਵਿਸ਼ਵ ਵਪਾਰ ਪ੍ਰਭਾਵਤ ਹੋ ਰਿਹਾ ਹੈ। ਭਾਰਤ ਨੂੰ ਕਈ ਉਤਪਾਦਾਂ ’ਤੇ 50 ਫੀਸਦੀ ਤੱਕ ਟੈਰਿਫ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਵੇਂ ਸਮਝੌਤੇ ਨਾਲ ਭਾਰਤ ਚੀਨ ’ਤੇ ਨਿਰਭਰਤਾ ਵੀ ਘਟਾ ਸਕੇਗਾ। ਇਸੇ ਤਰ੍ਹਾਂ, ਯੂਰਪੀ ਯੂਨੀਅਨ ਨੂੰ ਵੀ ਅਮਰੀਕੀ ਟੈਰਿਫ ਦੇ ਖਤਰੇ ਤੋਂ ਨਿਜਾਤ ਮਿਲ ਸਕਦੀ ਹੈ।ਮੋਦੀ ਨੇ ਭਾਰਤ ਤੇ ਯੂਰਪੀ ਯੂਨੀਅਨ ਵਿਚਾਲੇ ਵਪਾਰ ਸਮਝੌਤੇ ਨੂੰ ਇਤਿਹਾਸਕ ਮੀਲ ਪੱਥਰ ਅਤੇ ਦੁਨੀਆ ਦੀਆਂ ਦੋ ਸਭ ਤੋਂ ਵੱਡੀਆਂ ਅਰਥ ਵਿਵਸਥਾਵਾਂ ਵਿਚਕਾਰ ਸਹਿਯੋਗ ਦਾ ਇੱਕ ਸ਼ਕਤੀਸ਼ਾਲੀ ਪ੍ਰਤੀਕ ਕਰਾਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਇੰਡੀਆ ਐਨਰਜੀ ਵੀਕ ਦੇ ਚੌਥੇ ਐਡੀਸ਼ਨ ਦਾ ਵਰਚੁਅਲੀ ਉਦਘਾਟਨ ਕਰਦਿਆਂ ਕਿਹਾ ਕਿ ਇਹ ਇਤਿਹਾਸਕ ਸਮਝੌਤਾ ਭਾਰਤ ਦੇ 140 ਕਰੋੜ ਨਾਗਰਿਕਾਂ ਦੇ ਨਾਲ-ਨਾਲ ਯੂਰਪ ਭਰ ਦੇ ਲੱਖਾਂ ਲੋਕਾਂ ਲਈ ਵਿਸ਼ਾਲ ਮੌਕੇ ਖੋਲ੍ਹਣ ਦੀ ਉਮੀਦ ਹੈ। ਮੋਦੀ ਨੇ ਸਮਝੌਤੇ ਨੂੰ ਭਾਰਤ ਵੱਲੋਂ ਹੁਣ ਤੱਕ ਕੀਤੇ ਸਮਝੌਤਿਆਂ ਵਿੱਚੋਂ ‘ਸਭ ਸੌਦਿਆਂ ਦੀ ਮਾਂ’ ਕਰਾਰ ਦਿੱਤਾ ਹੈ।

# ਪੰਜਾਬ ਦੇ ਪਾਣੀਆਂ ’ਚ ਹਲਚਲ



ਚੰਡੀਗੜ੍ਹ (ਗੁਰਜੀਤ ਬਿੱਲਾ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਰੀਬ ਇੱਕ ਘੰਟਾ ਮੀਟਿੰਗ ਕਰਨ ਤੋਂ ਬਾਅਦ ਸਾਂਝੀ ਪ੍ਰੈੱਸ ਕਾਨਫਰੰਸ ’ਚ ਇਸ ਮਾਮਲੇ ’ਤੇ ਸਾਰਥਕ ਨਤੀਜੇ ਆਉਣ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਉਨ੍ਹਾ ਦੀ ਸੁਖਾਵੇਂ ਮਾਹੌਲ ’ਚ ਸਾਰਥਕ ਗੱਲਬਾਤ ਹੋਈ ਹੈ।ਮਾਨ ਨੇ ਕਿਹਾ ਕਿ ਹੁਣ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ ’ਤੇ ਅਧਿਕਾਰੀ ਪੱਧਰ ਦੀ ਨਿਰੰਤਰ ਗੱਲਬਾਤ ਸ਼ੁਰੂ ਹੋਵੇਗੀ ਅਤੇ ਦੋਵੇਂ ਸੂਬਿਆਂ ਦੇ ਅਧਿਕਾਰੀ ਮੀਟਿੰਗਾਂ ਦਾ ਵੇਰਵਾ ਸਾਂਝਾ ਕਰਨਗੇ, ਜਿਸ ਦੇ ਆਧਾਰ ’ਤੇ ਦੋਵੇਂ ਸੂਬਿਆਂ ਦੇ ਮੁੱਖ ਮੰਤਰੀ ਅਗਲੇਰੀ ਗੱਲਬਾਤ ਕਰਨਗੇ।ਮੁੱਖ ਮੰਤਰੀ ਨੇ ਕਿਹਾ ਕਿ ਅਧਿਕਾਰੀ ਪੱਧਰ ਦੀ ਗੱਲਬਾਤ ਮਸਲੇ ਦਾ ਹੱਲ ਕੱਢਣ ਦੀ ਨੀਅਤ ਨਾਲ ਹੋਵੇਗੀ।ਉਹ ਚਾਹੁੰਦੇ ਹਨ ਕਿ ਪੁਰਾਣਾ ਲਟਕਿਆ ਹੋਇਆ ਮਾਮਲਾ ਸੁਲਝ ਜਾਵੇ। ਮਾਨ ਨੇ ਕਿਹਾ ਕਿ ਕਿਸੇ ਦਾ ਹੱਕ ਨਹੀਂ ਮਰਨਾ ਚਾਹੀਦਾ।ਉਨ੍ਹਾਂ ਕਿਹਾ ਕਿ ਇਹ ਪੁਰਾਣੇ ਬਜ਼ੁਰਗਾਂ ਦਾ ਉਲਝਾਇਆ ਮਸਲਾ ਹੈ। ਹਰਿਆਣਾ ਦੇ ਮੁੱਖ ਮੰਤਰੀ ਸੈਣੀ ਨੇ ਕਿਹਾ ਕਿ ਚੰਗੇ ਮਾਹੌਲ ’ਚ ਹੋਈ ਗੱਲਬਾਤ ਦੇ ਨਤੀਜੇ ਵੀ ਸਾਰਥਕ ਆਉਣਗੇ। ਸੈਣੀ ਨੇ ਕਿਹਾ ਕਿ ਆਉਂਦੇ ਦਿਨਾਂ ’ਚ ਇਸ ਮਾਮਲੇ ’ਤੇ ਅਧਿਕਾਰੀ ਪੱਧਰ ਦੀ ਗੱਲਬਾਤ ਸ਼ੁਰੂ ਹੋਵੇਗੀ, ਜਿਸ ਦੇ ਅਧਾਰ ’ਤੇ ਅੱਗੇ ਵਧਿਆ ਜਾਵੇਗਾ।

ਮਾਨ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਬਾਰੇ ਪੁੱਛੇ ਇੱਕ ਸੁਆਲ ਦੇ ਜੁਆਬ ’ਚ ਕਿਹਾ ਕਿ ਪਹਿਲਾਂ ਪਾਣੀ ਦਾ ਮਸਲਾ ਤਾਂ ਨਿਬੇੜ ਲਈਏ, ਨਹਿਰ ਵੀ ਬਣਾ ਲਵਾਂਗੇ। ਮਾਨ ਨੇ ਕਿਹਾ ਕਿ ਮੀਟਿੰਗ ’ਚ ਦੋਵੇਂ ਸੂਬਿਆਂ ਨੇ ਆਪੋ-ਆਪਣਾ ਪੱਖ ਰੱਖਿਆ ਹੈ। ਹਾਲਾਂਕਿ ਪੰਜਾਬ ਤੇ ਹਰਿਆਣਾ ਵਿਚਾਲੇ ਛੇਵੇਂ ਗੇੜ ਦੀ ਮੀਟਿੰਗ ’ਚ ਕੋਈ ਠੋਸ ਨਤੀਜਾ ਸਾਹਮਣੇ ਨਹੀਂ ਆਇਆ, ਪਰ ਦੋਵੇਂ ਮੁੱਖ ਮੰਤਰੀਆਂ ਵੱਲੋਂ ਸਾਂਝੀ ਪ੍ਰੈੱਸ ਕਾਨਫਰੰਸ ਕਰਨ ਅਤੇ ਦੋਵੇਂ ਧਿਰਾਂ ਵੱਲੋਂ ਪਾਣੀ ਨੂੰ ਲੈ ਕੇ ਪੁਰਾਣੇ ਅੰਦਾਜ਼ ’ਚ ਦਾਅਵੇ ਕਰਨ ਵਾਲੀ ਗੱਲਬਾਤ ਨਜ਼ਰ ਨਾ ਆਉਣ ਤੋਂ ਸਾਫ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਬੋਚ-ਬੋਚ ਕੇ ਪੈਰ ਧਰ ਰਹੇ ਹਨ।

ਕੇਂਦਰ ਪਹਿਲਾਂ ਹੀ ਪੰਜਾਬ ਤੇ ਹਰਿਆਣਾ ਦਰਮਿਆਨ ਵਿਚੋਲਗੀ ਤੋਂ ਭੱਜ ਚੁੱਕਾ ਹੈ ਅਤੇ ਕੇਂਦਰ ਨੇ ਦੋਵਾਂ ਸੂਬਿਆਂ ਨੂੰ ਆਪਸ ’ਚ ਮਿਲ ਬੈਠ ਕੇ ਮਾਮਲਾ ਨਜਿੱਠਣ ਦੀ ਨਸੀਹਤ ਦਿੱਤੀ ਸੀ।













# ਕੈਲਗਰੀ 'ਚ ਗੈਂਗਸਟਰਾਂ ਵੱਲੋਂ ਮਸ਼ਹੂਰ ਪੰਜਾਬੀ ਗਾਇਕ ਦੇ ਘਰ 'ਤੇ ਗੋਲੀਬਾਰੀ



ਕੈਲਗਰੀ- ਕੈਨੇਡਾ ਦੇ ਕੈਲਗਰੀ ਵਿਚ ਉਸ ਸਮੇਂ ਸਨਸਨੀ ਫੈਲ ਗਈ, ਜਦੋਂ 24 ਜਨਵਰੀ 2026 ਦੀ ਰਾਤ ਕਰੀਬ 10:30 ਵਜੇ ਮਸ਼ਹੂਰ ਪੰਜਾਬੀ ਗਾਇਕ ਅਤੇ ਕਲਾਕਾਰ ਵੀਰ ਦਵਿੰਦਰ ਦੇ ਘਰ 'ਤੇ ਗੈਂਗਸਟਰਾਂ ਵੱਲੋਂ ਤਾੜ-ਤਾੜ ਗੋਲੀਆਂ ਚਲਾ ਦਿੱਤੀਆਂ ਗਈਆਂ। ਇਸ ਘਟਨਾ ਦੀ ਸੂਚਨਾ ਮਿਲਣ 'ਤੇ ਕੈਲਗਰੀ ਦੀ ਪੁਲਿਸ ਮੌਕੇ 'ਤੇ ਪਹੁੰਚ ਗਈ। ਜਾਣਕਾਰੀ ਮੁਤਾਬਕ ਹਮਲਾਵਰਾਂ ਵਲੋਂ ਵੀਰ ਦਵਿੰਦਰ ਤੋਂ 5 ਲੱਖ ਡਾਲਰ ਦੀ ਫਿਰੌਤੀ ਦੀ ਮੰਗ ਵੀ ਕੀਤੀ ਗਈ।ਇਸ ਘਟਨਾ ਦੀ ਜਾਣਕਾਰੀ ਦਿੰਦੇ ਹੋਏ ਗਾਇਕ ਵੀਰ ਦਵਿੰਦਰ ਨੇ ਦੱਸਿਆ ਕਿ ਉਨ੍ਹਾਂ ਨੂੰ ਪਹਿਲੀ ਧਮਕੀ ਭਰੀ ਕਾਲ 6 ਜਨਵਰੀ 2026 ਨੂੰ ਆਈ ਸੀ। ਆਂਡਾ (ਬਟਾਲਾ) ਨਾਮ ਦੇ ਇਕ ਵਿਅਕਤੀ ਵੱਲੋਂ ਪਹਿਲੀ ਫੋਨ ਕਾਲ ਕੀਤੀ ਗਈ ਸੀ। ਉਸ ਤੋਂ ਬਾਅਦ ਅਣਪਛਾਤੇ ਵਿਅਕਤੀਆਂ ਵੱਲੋਂ ਉਸ ਦੇ ਘਰ 'ਤੇ ਗੋਲੀਆਂ ਚਲਾਈਆਂ ਗਈਆਂ। ਫਿਰੌਤੀ ਮੰਗਣ 'ਤੇ ਵੀਰ ਦਵਿੰਦਰ ਨੇ ਸਾਫ਼ ਕਿਹਾ ਕਿ ਉਸ ਕੋਲ ਪੈਸੇ ਨਹੀਂ ਹਨ ਅਤੇ ਉਹ ਰਕਮ ਨਹੀਂ ਦੇ ਸਕਦਾ। ਮੁਲਜ਼ਮਾਂ ਨੇ ਧਮਕੀ ਦਿੱਤੀ ਗਈ ਕਿ ਜੇਕਰ ਉਸ ਨੇ ਪੈਸੇ ਨਹੀਂ ਦਿੱਤੇ, ਤਾਂ ਉਸ ਨੂੰ ਮਾਰ ਦਿੱਤਾ ਜਾਵੇਗਾ, ਜਿਸ 'ਤੇ ਵੀਰ ਦਵਿੰਦਰ ਨੇ ਕਿਹਾ, "ਮਾਰ ਦਿਓ।" ਜਾਣਕਾਰੀ ਮੁਤਾਬਕ ਜਿਸ ਸਮੇਂ ਘਰ 'ਤੇ ਗੋਲੀਬਾਰੀ ਹੋਈ, ਉਸ ਸਮੇਂ ਘਰ ਵਿਚ ਕੋਈ ਵੀ ਮੌਜੂਦ ਨਹੀਂ ਸੀ। ਗੋਲੀਆਂ ਵਾਸ਼ਰੂਮ ਅਤੇ ਬੈੱਡਰੂਮ ਦੀਆਂ ਦੀਵਾਰਾਂ ਨੂੰ ਆਰ-ਪਾਰ ਕਰ ਗਈਆਂ। ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ ਪਰ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਦੂਜੇ ਪਾਸੇ ਪੁਲਿਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਦੋ ਵਿਅਕਤੀ ਮੌਕੇ 'ਤੇ ਆਏ ਸਨ—ਇੱਕ ਗੋਲੀਆਂ ਚਲਾ ਰਿਹਾ ਸੀ ਅਤੇ ਦੂਜਾ ਵੀਡੀਓ ਬਣਾ ਰਿਹਾ ਸੀ। ਇਹ ਸਾਰੀ ਜਾਣਕਾਰੀ ਕਲਾਕਾਰ ਵੀਰ ਦਵਿੰਦਰ ਨੇ ਖੁਦ ਸਾਂਝੀ ਕੀਤੀ।

# ਕੈਨੇਡਾ ਵਿੱਚ ਮਹਿੰਗਾਈ ਦੀ ਮਾਰ
# ਸਰਕਾਰ ਨੇ ਵੱਡੇ ਰਾਹਤ ਪੈਕੇਜ ਦਾ ਕੀਤਾ ਐਲਾਨ

ਓਟਾਵਾ:ਕੈਨੇਡਾ ਦੀ ਫੈਡਰਲ ਸਰਕਾਰ ਨੇ ਮਹਿੰਗਾਈ ਅਤੇ ਖੁਰਾਕ ਦੀਆਂ ਵਧਦੀਆਂ ਕੀਮਤਾਂ ਨੂੰ ਧਿਆਨ ਵਿੱਚ ਰੱਖਦਿਆਂ ਨਵੇਂ ਕਦਮਾਂ ਦਾ ਐਲਾਨ ਕੀਤਾ ਹੈ। ਨਵਾਂ ਕੈਨੇਡਾ ਗ੍ਰੋਸਰੀਜ਼ ਅਤੇ ਐਸੈਂਸ਼ਲਜ਼ ਬੈਨਿਫਿਟ 1.2 ਕਰੋੜ ਤੋਂ ਵੱਧ ਕੈਨੇਡੀਅਨਾਂ ਨੂੰ ਵਾਧੂ ਮਾਲੀ ਸਹਾਇਤਾ ਪ੍ਰਦਾਨ ਕਰੇਗਾ। ਇਸ ਯੋਜਨਾ ਤਹਿਤ, ਚਾਰ ਮੈਂਬਰਾਂ ਵਾਲੇ ਪਰਿਵਾਰ ਨੂੰ ਇਸ ਸਾਲ $1,890 ਤੱਕ ਮਿਲਣਗੇ, ਜੋ ਪਹਿਲਾਂ ਲਗਭਗ $1,100 ਸੀ। ਅਗਲੇ ਚਾਰ ਸਾਲਾਂ ਲਈ ਹਰ ਸਾਲ ਕਰੀਬ $1,400 ਦੀ ਮਦਦ ਮਿਲੇਗੀ।ਇਕੱਲੇ ਵਿਅਕਤੀ ਨੂੰ ਇਸ ਸਾਲ $950 ਮਿਲਣਗੇ, ਜੋ ਪਹਿਲਾਂ $540 ਸਨ, ਅਤੇ ਅਗਲੇ ਚਾਰ ਸਾਲਾਂ ਦੌਰਾਨ ਹਰ ਸਾਲ ਲਗਭਗ $700 ਦਿੱਤੇ ਜਾਣਗੇ।ਅੱਜ ਓਟਵਾ ਵਿਖੇ ਬੋਲਦਿਆਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਅਸੀਂ ਕੈਨੇਡੀਅਨਜ਼ ਨੂੰ ਉਹ ਸਹਾਇਤਾ ਦੇਣੀ ਯਕੀਨੀ ਬਣਾਉਣਾ ਚਾਹੁੰਦੇ ਹਾਂ ਜਿਸ ਦੀ ਇਸ ਸਮੇਂ ਫੌਰੀ ਲੋੜ ਹੈ ।ਇਸ ਤੋਂ ਇਲਾਵਾ, ਸਰਕਾਰ ਨੇ ਸਟ੍ਰੈਟਜਿਕ ਰਿਸਪਾਂਸ ਫੰਡ ਵਿਚੋਂ $500 ਮਿਲੀਅਨ ਰੱਖੇ ਹਨ ਤਾਂ ਜੋ ਕਾਰੋਬਾਰ ਸਪਲਾਈ ਚੇਨ ਵਿੱਚ ਆ ਰਹੀਆਂ ਰੁਕਾਵਟਾਂ ਦੇ ਖਰਚੇ ਗਾਹਕਾਂ 'ਤੇ ਨਾ ਢੱਲਣ। ਇਸੇ ਮਕਸਦ ਲਈ, ਰੀਜਨਲ ਟੈਰਿਫ ਰਿਸਪਾਂਸ ਇਨੀਸ਼ੀਅਟਿਵ ਅਧੀਨ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਲਈ $150 ਮਿਲੀਅਨ ਦਾ ਫੂਡ ਸਿਕਿਊਰਟੀ ਫੰਡ ਵੀ ਬਣਾਇਆ ਜਾਵੇਗਾ।ਖੁਰਾਕ ਉਤਪਾਦਨ ਦੀ ਲਾਗਤ ਘਟਾਉਣ ਲਈ, ਸਰਕਾਰ ਨੇ ਗ੍ਰੀਨਹਾਊਸ ਇਮਾਰਤਾਂ ਲਈ ਤੁਰੰਤ ਖਰਚਾ ਕੱਟ (ਇਮੀਡੀਏਟ ਐਕਸਪੈਂਸਿੰਗ) ਦੀ ਸਹੂਲਤ ਲਿਆਂਦੀ ਹੈ। 4 ਨਵੰਬਰ 2025 ਤੋਂ ਬਾਅਦ ਖਰੀਦੇ ਗਏ ਅਤੇ 2030 ਤੋਂ ਪਹਿਲਾਂ ਵਰਤੋਂ ਵਿੱਚ ਆਉਣ ਵਾਲੇ ਗ੍ਰੀਨਹਾਊਸ ਪੂਰੀ ਤਰ੍ਹਾਂ ਟੈਕਸ ਵਿੱਚੋਂ ਕੱਟੇ ਜਾ ਸਕਣਗੇ। ਸਰਕਾਰ ਕਹਿੰਦੀ ਹੈ ਕਿ ਇਹ ਕਦਮ ਦੇਸ਼ ਅੰਦਰ ਖੁਰਾਕ ਦੀ ਸਪਲਾਈ ਵਧਾਉਣ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਵਿੱਚ ਮਦਦਗਾਰ ਹੋਵੇਗਾ।


FIXMAN
GLASS REPAIR LTD
Auto
Residential
Commercial
"We Are The Clear Choice"
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000

Mandeep Dhaliwal
www.fixmanglass.com Email:fixmanglass@gmail.com



SAVVY
Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases

Harpreet K Grewal:604-832-9581
Email:info@savvyimmigrations.com www.savvyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)



Punjab TRAVELS
Special offer!
ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

ਜੀਵਨ ਸਿੰਘ ਮੋਗਾ
▸▸ ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
▸▸ ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
▸▸ ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5



SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

# ਬਦਰੀਨਾਥ ਤੇ ਕੇਦਾਰਨਾਥ ਮੰਦਰਾਂ ਵਿੱਚ ਗੈਰ-ਹਿੰਦੂਆਂ ਦੇ ਦਾਖਲੇ ’ਤੇ ਪਾਬੰਦੀ ਲਗਾਉਣ ਦੀ ਤਿਆਰੀ


ਬਦਰੀਨਾਥ:ਕੇਦਾਰਨਾਥ ਅਤੇ ਗੰਗੋਤਰੀ ਮੰਦਰਾਂ ਵਿੱਚ ਗੈਰ-ਹਿੰਦੂਆਂ ਦੇ ਦਾਖਲੇ ਤੇ ਪਾਬੰਦੀ ਲੱਗ ਸਕਦੀ ਹੈ ਜਿਸ ਸਬੰਧੀ ਪ੍ਰਸਤਾਵ ਨੂੰ ਇਸ ਹਫ਼ਤੇ ਦੇ ਅੰਤ ਵਿੱਚ ਮਨਜ਼ੂਰੀ ਮਿਲਣ ਦੀ ਸੰਭਾਵਨਾ ਹੈ। ਇੱਕ ਮੰਦਰ ਕਮੇਟੀ ਦੇ ਅਧਿਕਾਰੀ ਨੇ ਦੱਸਿਆ ਕਿ ਇਸ ਸਬੰਧੀ ਸਾਰੀਆਂ ਧਿਰਾਂ ਨੇ ਸਹਿਮਤੀ ਜਤਾ ਦਿੱਤੀ ਹੈ। ਹਾਲਾਂਕਿ, ਚਾਰ ਪਵਿੱਤਰ ਸਥਾਨਾਂ ਵਿੱਚੋਂ ਇੱਕ ਯਮੁਨੋਤਰੀ ਮੰਦਰ ਕਮੇਟੀ ਨੇ ਹਾਲੇ ਤੱਕ ਇਸ ਮਾਮਲੇ ‘ਤੇ ਕੋਈ ਫੈਸਲਾ ਨਹੀਂ ਹੈ। ਬਦਰੀਨਾਥ ਕੇਦਾਰਨਾਥ ਮੰਦਰ ਕਮੇਟੀ ਦੇ ਚੇਅਰਮੈਨ ਹੇਮੰਤ ਦਿਵੇਦੀ ਨੇ ਦੱਸਿਆ ਕਿ ਕਮੇਟੀ ਨੇ ਮੰਦਰ ਖੇਤਰਾਂ ਵਿੱਚ ਗੈਰ-ਹਿੰਦੂਆਂ ਦੇ ਦਾਖਲੇ ‘ਤੇ ਪਾਬੰਦੀ ਲਗਾਉਣ ਬਾਰੇ ਸੰਤਾਂ, ਤੀਰਥ ਪੁਜਾਰੀਆਂ ਅਤੇ ਸਥਾਨਕ ਲੋਕਾਂ ਸਮੇਤ ਸਾਰੇ ਹਿੱਸੇਦਾਰਾਂ ਵਿਚਕਾਰ ਸਹਿਮਤੀ ਬਣਾ ਲਈ ਹੈ। ਗੰਗੋਤਰੀ ਮੰਦਰ ਕਮੇਟੀ ਪਹਿਲਾਂ ਹੀ ਆਪਣਾ ਫੈਸਲਾ ਲੈ ਚੁੱਕੀ ਹੈ।

# ਸੁਨੀਤਾ ਵਿਲੀਅਮਜ਼ ਨੇ 27 ਸਾਲਾਂ ਦੇ ਨਾਸਾ ਕਰੀਅਰ ਨੂੰ ਕਿਹਾ ਅਲਵਿਦਾ



ਵਾਸ਼ਿੰਗਟਨ- ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੇ ਨਾਸਾ ਵਿਚ ਆਪਣੇ 27 ਸਾਲਾਂ ਦੇ ਸ਼ਾਨਦਾਰ ਕਰੀਅਰ ਨੂੰ ਅਲਵਿਦਾ ਕਹਿ ਦਿੱਤਾ ਹੈ। ਨਾਸਾ ਨੇ 20 ਜਨਵਰੀ ਨੂੰ ਉਨ੍ਹਾਂ ਦੀ ਸੇਵਾਮੁਕਤੀ ਦਾ ਐਲਾਨ ਕੀਤਾ ਅਤੇ ਪੁਲਾੜ ਖੋਜ ਵਿਚ ਉਨ੍ਹਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਸੁਨੀਤਾ ਵਿਲੀਅਮਜ਼ ਪਿਛਲੇ ਸਾਲ ਸਤੰਬਰ ਵਿਚ 60 ਸਾਲਾਂ ਦੇ ਹੋ ਗਏ ਅਤੇ ਆਪਣੇ ਕਰੀਅਰ ਵਿਚ ਤਿੰਨ ਵਾਰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐੱਸ.ਐੱਸ.) ਦੀ ਯਾਤਰਾ ਕਰ ਚੁੱਕੇ ਹਨ। ਸੁਨੀਤਾ ਵਿਲੀਅਮਜ਼ ਨੇ ਹੁਣ ਤੱਕ ਪੁਲਾੜ ਵਿਚ 608 ਦਿਨ ਬਿਤਾਏ ਹਨ, ਜੋ ਕਿ ਕਿਸੇ ਵੀ ਨਾਸਾ ਪੁਲਾੜ ਯਾਤਰੀ ਦੁਆਰਾ ਬਿਤਾਇਆ ਗਿਆ ਦੂਜਾ ਸਭ ਤੋਂ ਵੱਧ ਸਮਾਂ ਹੈ। ਉਨ੍ਹਾਂ ਨੇ 286 ਦਿਨ ਲਗਾਤਾਰ ਪੁਲਾੜ ਉਡਾਣ ਵੀ ਪੂਰੀ ਕੀਤੀ। ਉਨ੍ਹਾਂ ਕੋਲ ਔਰਤਾਂ ਵਿਚ ਸਭ ਤੋਂ ਲੰਬੇ ਸਪੇਸਵਾਕ ਸਮੇਂ (62 ਘੰਟੇ ਅਤੇ 6 ਮਿੰਟ) ਦਾ ਰਿਕਾਰਡ ਵੀ ਹੈ। ਨਾਸਾ ਦੇ ਪ੍ਰਸ਼ਾਸਕ ਜੇਰੇਡ ਇਸਾਕਮੈਨ ਨੇ ਕਿਹਾ ਕਿ ਸੁਨੀਤਾ ਵਿਲੀਅਮਜ਼ ਨੇ ਮਨੁੱਖੀ ਪੁਲਾੜ ਉਡਾਣ ਵਿਚ ਨਵੇਂ ਰਸਤੇ ਖੋਲ੍ਹੇ ਹਨ ਅਤੇ ਪੁਲਾੜ ਸਟੇਸ਼ਨ ‘ਤੇ ਆਪਣੀ ਅਗਵਾਈ ਨਾਲ ਭਵਿੱਖ ਦੇ ਮਿਸ਼ਨਾਂ ਨੂੰ ਮਜ਼ਬੂਤ ਕੀਤਾ ਹੈ। ਨਾਸਾ ਦੇ ਜੌਹਨਸਨ ਸਪੇਸ ਸੈਂਟਰ ਦੀ ਡਾਇਰੈਕਟਰ ਵੈਨੇਸਾ ਨੇ ਵੀ ਕਿਹਾ ਕਿ ਸੁਨੀਤਾ ਦਾ ਕੰਮ ਆਉਣ ਵਾਲੀਆਂ ਪੀੜ੍ਹੀਆਂ ਦੇ ਪੁਲਾੜ ਯਾਤਰੀਆਂ ਲਈ ਪ੍ਰੇਰਨਾ ਸਰੋਤ ਹੋਵੇਗਾ।

# ਹੌਲੀ ਹੌਲੀ ਕੈਨੇਡਾ ਨੂੰ ਆਪਣੇ ਕਬਜੇ ਵਿੱਚ ਲੈ ਲਵੇਗਾ ਚੀਨ:ਟਰੰਪ



ਵਾਸ਼ਿੰਗਟਨ:- ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਆਖਿਆ ਕਿ ਕੈਨੇਡਾ ਖੁਦ ਨੂੰ ਤਬਾਹ ਕਰਨ ਉੱਤੇ ਤੁਲਿਆ ਹੋਇਆ ਹੈ। ਉਨ੍ਹਾਂ ਚੀਨ ਨਾਲ ਹੋਈ ਡੀਲ ਨੂੰ ਵੱਡੀ ਤਬਾਹੀ ਦੱਸਿਆ। ਐਤਵਾਰ ਦੁਪਹਿਰ ਨੂੰ ਟਰੁੱਥ ਸੋਸ਼ਲ ਉੱਤੇ ਟਰੰਪ ਨੇ ਲਿਖਿਆ ਕਿ ਇਹ ਇਤਿਹਾਸ ਵਿੱਚ ਸੱਭ ਤੋਂ ਮਾੜੀ ਡੀਲ ਸਿੱਧ ਹੋਵੇਗੀ। ਉਨ੍ਹਾਂ ਦਾ ਸਾਰਾ ਬਿਜ਼ਨਸ ਅਮਰੀਕਾ ਆ ਰਿਹਾ ਹੈ। ਟਰੰਪ ਨੇ ਆਖਿਆ ਕਿ ਉਹ ਕੈਨੇਡਾ ਨੂੰ ਵੱਧਦਾ ਫੁੱਲਦਾ ਵੇਖਣਾ ਚਾਹੁੰਦੇ ਹਨ। ਟਰੰਪ ਨੇ ਅਗਲੀ ਪੋਸਟ ਵਿੱਚ ਲਿਖਿਆ ਕਿ ਚੀਨ ਵੱਲੋਂ ਮੁਕੰਮਲ ਤੌਰ ਉੱਤੇ ਕੈਨੇਡਾ, ਜਿਹੜਾ ਕਦੇ ਮਹਾਨ ਦੇਸ਼ ਹੁੰਦਾ ਸੀ, ਉੱਤੇ ਕਬਜਾ ਕੀਤਾ ਜਾ ਰਿਹਾ ਹੈ। ਟਰੰਪ ਨੇ ਇਹ ਵੀ ਲਿਖਿਆ ਕਿ ਅਜਿਹਾ ਦੇਖ ਕੇ ਉਹ ਬਹੁਤ ਦੁਖੀ ਹਨ। ਟਰੰਪ ਨੇ ਆਖਿਆ ਕਿ ਉਹ ਆਸ ਕਰਦੇ ਹਨ ਕਿ ਇਹ ਲੋਕ ਆਈਸ ਹਾਕੀ ਨੂੰ ਇੱਕਲਾ ਛੱਡ ਦੇਣ। ਇਸ ਦੌਰਾਨ ਸ਼ਨਿੱਚਰਵਾਰ ਨੂੰ ਟਰੰਪ ਵੱਲੋਂ ਸੋਸ਼ਲ ਮੀਡੀਆ ਉੱਤੇ ਪਾਈਆਂ ਗਈਆਂ ਪੋਸਟਸ ਵਿੱਚ ਉਨ੍ਹਾਂ ਪ੍ਰਧਾਨ ਮੰਤਰੀ ਕਾਰਨੀ ਨੂੰ ਗਵਰਨਰ ਆਖਿਆ ਤੇ ਇਹ ਵੀ ਆਖਿਆ ਕਿ ਜੇ ਕੈਨੇਡਾ ਨੇ ਚੀਨ ਨਾਲ ਟਰੇਡ ਡੀਲ ਕੀਤੀ ਤਾਂ ਅਮਰੀਕਾ ਵੱਲੋਂ ਕੈਨੇਡਾ ਉੱਤੇ 100 ਫੀ ਸਦੀ ਟੈਰਿਫ ਲਾਇਆ ਜਾਵੇਗਾ। ਇਸ ਤੋਂ ਬਾਲਦ ਮਾਰਕ ਕਾਰਨੀ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਕੈਨੇਡਾ ਚੀਨ ਨਾਲ ਮੁਕਤ ਵਪਾਰ ਸਮਝੌਤਾ ਨਹੀਂ ਕਰਨ ਜਾ ਰਿਹਾ।





## ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

### ਇਸ ਹਫਤੇ ਦੇ ਪ੍ਰੋਗਰਾਮ

*28 ਜਨਵਰੀ ਦਿਨ ਬੁੱਧਵਾਰ ਨੂੰ ਭਾਈ ਬਲਜੀਤ ਸਿੰਘ ਜੀ ਖਾਲਸਾ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 30 ਜਨਵਰੀ ਨੂੰ ਭੋਗ ਪੈਣਗੇ।

*30 ਜਨਵਰੀ ਦਿਨ ਸ਼ੁੱਕਰਵਾਰ 4 ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋਣਗੇ:

1. ਅਕਾਲ ਅਕੈਡਮੀ ਵੱਲੋਂ 2. ਭਾਈ ਮੋਹਣ ਸਿੰਘ ਚੱਠਾ ਪਰਿਵਾਰ ਵੱਲੋਂ

3. ਭਾਈ ਰਣਧੀਰ ਸਿੰਘ ਚੀਮਾ ਪਰਿਵਾਰ ਵੱਲੋਂ 4. ਸਵ. ਸਵਰਨ ਸਿੰਘ ਪਰਿਵਾਰ ਵੱਲੋਂ

*1 ਫਰਵਰੀ ਦਿਨ ਐਤਵਾਰ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਦੀ 99ਵੀਂ ਸਾਲਾਨਾ ਬਰਸੀ ਦੇ ਸਬੰਧ ਵਿਚ ਭੋਗ ਉਪਰੰਤ ਦੀਵਾਨ ਸਜਣਗੇ। ਜਿਸ ਵਿਚ ਭਾਈ ਗੁਰਬਚਨ ਸਿੰਘ ਜੀ ਹਜੂਰੀ ਰਾਗੀ ਜਥਾ ਕੀਰਤਨ ਕਰਨਗੇ, ਬਾਬਾ ਗੁਰਜੰਟ ਸਿੰਘ ਜੀ ਕਥਾ ਅਤੇ ਸੁਲਝੇ ਹੋਏ ਬੁਲਾਰੇ ਸੰਗਤਾਂ ਨਾਲ ਸਾਂਝ ਪਾਉਣਗੇ।

ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ

**ਰਾਗੀ ਜੱਥਾ**
ਸਤਨਾਮ ਸਿੰਘ
ਲੁਧਿਆਣੇ ਵਾਲੇ


**ਕਥਾਵਾਚਕ**
ਗਿਆਨੀ ਨਿਰਵੈਲ ਸਿੰਘ
ਬੀੜ ਬਾਬਾ ਬੁੱਢਾ ਜੀ ਵਾਲੇ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-585-0319

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ

### ਰੋਜਾਨਾ ਦੇ ਪ੍ਰੋਗਰਾਮ

**ਸਵੇਰੇ**

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

**ਸ਼ਾਮ**

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਲਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਸੇਵਾ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਨੂੰ ਸਰਕਾਰ ਨੇ ਕੀਤਾ ਸਨਮਾਨਿਤ



ਮੁਹਾਲੀ:-16 ਜਨਵਰੀ 2026 ਨੂੰ ਮੁਹਾਲੀ ਵਿਖੇ ਹੋਏ "ਸਾਡੇ ਬਜ਼ੁਰਗ ਸਾਡਾ ਮਾਣ" ਰਾਜ ਪੱਧਰੀ ਸਮਾਗਮ ਵਿੱਚ ਲਾਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਨੂੰ ਪੰਜਾਬ ਦੇ ਸਮਾਜਿਕ ਸੁਰੱਖਿਆ ਕੈਬਨਿਟ ਮੰਤਰੀ ਮਾਨਯੋਗ ਡਾ. ਬਲਜੀਤ ਕੌਰ ਵੱਲੋਂ ਸਰਟੀਫਿਕੇਟ ਤੇ ਸ਼ਾਲ ਦੇ ਕੇ ਸਨਮਾਨਤ ਕੀਤਾ ਗਿਆ। ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੇ ਫ਼ਾਊਂਡਰ ਤੇ ਪ੍ਰਧਾਨ ਡਾ. ਨੌਰੰਗ ਸਿੰਘ ਮਾਂਗਟ ਨੂੰ ਇਹ ਪੁਰਸਕਾਰ ਉਹਨਾਂ ਵੱਲੋਂ ਪਿਛਲੇ 21 ਸਾਲਾਂ ਤੋਂ ਲਾਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਲਗਾਤਰ ਕੀਤੀ ਜਾ ਰਹੀ ਨਿਰਸਵਾਰਥ ਸੇਵਾ ਨੂੰ ਮੁੱਖ ਰੱਖਦੇ ਹੋਏ ਦਿੱਤਾ ਗਿਆ।

ਡਾ. ਨੌਰੰਗ ਸਿੰਘ ਮਾਂਗਟ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ ਹੁਣ 235 (ਦੋ ਸੌ ਪੈਂਤੀ) ਦੇ ਕਰੀਬ ਅਪਾਹਜ, ਬੇਸਹਾਰਾ, ਨੇਤਰਹੀਣ, ਅਧਰੰਗ ਦੀ ਬਿਮਾਰੀ ਵਾਲੇ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ, ਦਿਮਾਗੀ ਸੰਤੁਲਨ ਗੁਆ ਚੁੱਕੇ, ਲਾਇਲਾਜ ਰੋਗਾਂ ਨਾਲ ਪੀੜਤ ਲਾਵਾਰਸ, ਬੇਘਰ ਬਜ਼ੁਰਗ ਤੇ ਗਰੀਬ ਲੋਕ ਪੱਕੇ ਤੌਰ 'ਤੇ ਰਹਿ ਰਹੇ ਹਨ। ਇਹਨਾਂ 'ਚ ਜ਼ਿਆਦਾਤਰ ਉਹ ਹਨ ਜਿਹਨਾਂ ਨੂੰ ਸੜਕਾਂ 'ਤੋਂ ਬਹੁਤ ਤਰਸਯੋਗ ਹਾਲਤ 'ਚ ਚੁੱਕ ਕੇ ਲਿਆਂਦਾ ਗਿਆ ਸੀ। ਇਹਨਾਂ ਮਰੀਜ਼ਾਂ 'ਚ ਸਵਾ ਸੌ (125) ਦੇ ਕਰੀਬ ਮਰੀਜ਼ਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਅੱਸੀ ਦੇ ਕਰੀਬ ਅਜਿਹੇ ਹਨ ਜਿਹਨਾਂ ਨੂੰ ਆਪਣੀ ਸੁੱਧ-ਬੁੱਧ ਨਹੀਂ ਹੈ, ਉਹ ਆਪਣੇ ਬਾਰੇ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ। ਸੱਠ (60) ਦੇ ਕਰੀਬ ਮਰੀਜ਼ ਅਜਿਹੇ ਹਨ ਜੋ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦੇ ਹਨ। ਅਜਿਹੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਮੁਫ਼ਤ ਮੈਡੀਕਲ ਸਹਾਇਤਾ ਦੇ ਕੇ ਉਹਨਾਂ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ।

ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਭੋਜਨ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ।

# ਚੀਨੀ ਰਾਜਦੂਤ ਨੇ ਕਿਹਾ:ਗ੍ਰੀਨਲੈਂਡ ਮਾਮਲੇ ਤੇ ਬੀਜਿੰਗ ਤੇ ਓਟਵਾ ਦੀ ਇੱਕੋ ਰਾਇ

ਓਟਵਾ:ਕੈਨੇਡਾ ਵਿੱਚ ਚੀਨ ਦੇ ਰਾਜਦੂਤ ਵਾਂਗ ਡੀ ਨੇ ਕਿਹਾ ਹੈ ਕਿ ਗ੍ਰੀਨਲੈਂਡ ਦੀ ਭੂਗੋਲਿਕ ਅਖੰਡਤਾ ਦੇ ਸਮਰਥਨ ਮਾਮਲੇ'ਤੇ ਬੀਜਿੰਗ ਅਤੇ ਓਟਵਾ "ਇਕੋ ਸੋਚ" ਰੱਖਦੇ ਹਨ। ਉਨ੍ਹਾਂ ਦੱਸਿਆ ਕਿ ਚੀਨ ਸਾਰੇ ਦੇਸ਼ਾਂ ਦੀ ਖੁਦਮੁਤਿਆਰੀ ਅਤੇ ਸਰਹੱਦੀ ਅਖੰਡਤਾ ਦਾ ਆਦਰ ਕਰਦਾ ਹੈ ਅਤੇ ਇਹ ਨੀਤੀ ਗ੍ਰੀਨਲੈਂਡ, ਕੈਨੇਡਾ ਅਤੇ ਹੋਰ ਸਭ ਦੇਸ਼ਾਂ'ਤੇ ਲਾਗੂ ਹੁੰਦੀ ਹੈ। ਵਾਂਗ ਡੀ ਨੇ ਕਿਹਾ ਕਿ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਦੇ ਸਿਧਾਂਤਾਂ ਨੂੰ ਚੁਣੀਂਦਾ ਤੌਰ'ਤੇ ਲਾਗੂ ਕਰਨਾ ਸਵੀਕਾਰਯੋਗ ਨਹੀਂ। ਉਨ੍ਹਾਂ ਦੇ ਬਿਆਨ ਅਜਿਹੇ ਸਮੇਂ ਆਏ ਹਨ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗ੍ਰੀਨਲੈਂਡ ਨੂੰ ਅਮਰੀਕਾ ਦੇ ਅਧੀਨ ਕਰਨ ਸੰਬੰਧੀ ਟਿੱਪਣੀਆਂ ਕਾਰਨ ਨਾਟੋ ਵਿੱਚ ਤਣਾਅ ਵਧਿਆ ਹੋਇਆ ਹੈ। ਚੀਨ ਆਪਣੇ ਆਪ ਨੂੰ "ਨਿਅਰ-ਆਰਕਟਿਕ ਸਟੇਟ" ਦੱਸਦਾ ਹੈ ਅਤੇ ਵਾਂਗ ਡੀ ਮੁਤਾਬਕ ਬੀਜਿੰਗ ਆਰਕਟਿਕ ਖੇਤਰ ਵਿੱਚ ਮੌਸਮੀ ਤਬਦੀਲੀ ਨਾਲ ਨਜਿੱਠਣ ਅਤੇ ਸਥਿਰਤਾ ਬਣਾਈ ਰੱਖਣ ਵਿੱਚ ਸਕਾਰਾਤਮਕ ਭੂਮਿਕਾ ਨਿਭਾਉਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਆਰਕਟਿਕ ਪੂਰੀ ਦੁਨੀਆਂ ਦੇ ਹਿੱਤਾਂ ਨਾਲ ਜੁੜਿਆ ਹੋਇਆ ਖੇਤਰ ਹੈ।

# ਕੈਨੇਡਾ ਗ੍ਰੀਨਲੈਂਡ ਵਿੱਚ ਨਵੇਂ ਕੌਂਸਲੇਟ ਦੇ ਉਦਘਾਟਨ ਲਈ ਨੇਵੀ ਜਹਾਜ਼ ਭੇਜੇਗਾ:ਅਨੀਤਾ ਆਨੰਦ

ਓਟਵਾ:ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਕਿਹਾ ਹੈ ਕਿ ਗ੍ਰੀਨਲੈਂਡ ਵਿੱਚ ਨਵੇਂ ਕੌਂਸਲੇਟ ਦੇ ਉਦਘਾਟਨ ਮੌਕੇ ਰਾਇਲ ਕੈਨੇਡੀਅਨ ਨੇਵੀ ਦਾ ਇੱਕ ਪੈਟਰੋਲ ਜਹਾਜ਼ ਮੌਕੇ'ਤੇ ਮੌਜੂਦ ਹੋਵੇਗਾ। ਆਨੰਦ ਅਗਲੇ ਹਫ਼ਤੇ ਗ੍ਰੀਨਲੈਂਡ ਦੀ ਰਾਜਧਾਨੀ ਨੂਕ ਦਾ ਦੌਰਾ ਕਰਕੇ ਇਸ ਨਵੇਂ ਕੌਂਸਲੇਟ ਨੂੰ ਅਧਿਕਾਰਕ ਤੌਰ'ਤੇ ਖੋਲ੍ਹਣਗੇ। ਉਨ੍ਹਾਂ ਨੇ ਕਿਹਾ ਕਿ ਇਹ ਆਰਕਟਿਕ ਪੈਟਰੋਲ ਜਹਾਜ਼ ਕੈਨੇਡਾ ਅਤੇ ਹੋਰ ਆਰਕਟਿਕ ਦੇਸ਼ਾਂ ਦਰਮਿਆਨ ਵਧ ਰਹੇ ਸਹਿਯੋਗ ਦਾ ਪ੍ਰਤੀਕ ਹੋਵੇਗਾ। ਆਨੰਦ ਨੇ ਜ਼ੋਰ ਦੇ ਕੇ ਕਿਹਾ ਕਿ ਆਰਕਟਿਕ ਖੇਤਰ ਉੱਤਰ ਅਮਰੀਕਾ ਅਤੇ ਯੂਰਪ ਦੀ ਸੁਰੱਖਿਆ ਲਈ ਬਹੁਤ ਮਹੱਤਵਪੂਰਨ ਹੈ ਅਤੇ ਇਹ ਗੱਲ ਉਨ੍ਹਾਂ ਨੇ ਆਪਣੇ ਰੱਖਿਆ ਮੰਤਰੀ ਦੇ ਕਾਰਜਕਾਲ ਦੌਰਾਨ ਗਹਿਰਾਈ ਨਾਲ ਸਮਝੀ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

VELOCITY
TRUCK CENTRES

# PREMIUM QUALITY COMMERCIAL VEHICLES

ਨਵੇਂ ਅਤੇ ਪਹਿਲਾਂ ਤੋਂ ਮਾਲਕੀ ਵਾਲੇ ਟਰੱਕਾਂ, ਬੱਸਾਂ ਅਤੇ ਟ੍ਰੇਲਰਾਂ ਲਈ ਤੁਹਾਡੀ ਇੱਕ-ਸਟਾਪ ਮੰਜ਼ਿਲ
ਪ੍ਰਮੁੱਖ ਬ੍ਰਾਂਡਾਂ ਦੇ ਅਧਿਕਾਰਤ ਡੀਲਰ ਦੇ ਰੂਪ ਵਿੱਚ
ਅਸੀਂ ਹਾਈਵੇਅ ਅਤੇ ਵੋਕੇਸ਼ਨਲ ਐਪਲੀਕੇਸ਼ਨਾਂ ਦੋਵਾਂ ਲਈ ਹੱਲ ਪੇਸ਼ ਕਰਦੇ ਹਾਂ

INVENTORY

ਅੱਜ ਹੀ ਆਪਣੇ ਫਲੀਟ ਨੂੰ ਅਪਗ੍ਰੇਡ ਕਰੋ ਜਾਂ ਵਧਾਓ
velocitytruckcentres.ca/inventory

ਨਵੇਂ ਅਤੇ ਪੁਰਾਣੇ ਟਰੱਕਾਂ, ਬੱਸਾਂ ਅਤੇ ਟ੍ਰੇਲਰਾਂ ਲਈ ਤੁਹਾਡੀ ਇੱਕ-ਸਟਾਪ ਮੰਜ਼ਿਲ
ਪ੍ਰਮੁੱਖ ਬ੍ਰਾਂਡਾਂ ਦੇ ਇੱਕ ਅਧਿਕਾਰਤ ਡੀਲਰ ਹੋਣ ਦੇ ਨਾਤੇ, ਅਸੀਂ ਹਾਈਵੇਅ ਅਤੇ ਕਿੱਤਾਮੁਖੀ ਐਪਲੀਕੇਸ਼ਨਾਂ ਦੋਵਾਂ ਲਈ ਹੱਲ ਪੇਸ਼ ਕਰਦੇ ਹਾਂ।



## ਪ੍ਰਮੁੱਖ ਬ੍ਰਾਂਡਾਂ ਦਾ ਮਾਣਮੱਤਾ ਡੀਲਰ

FREIGHTLINER | WESTERN STAR | AUTOCAR | Thomas | FREIGHTLINER Custom Chassis | RIZON
CROSS COUNTRY MANUFACTURING | DOEPKER TRAILERS | K-LINE | LODE KING | PEERLESS | TRAIL KING

crossroads
Equipment Lease & Finance

## ਆਸਾਨ ਫਾਇਨੈਂਸਿੰਗ

ਕ੍ਰਾਸਰੋਡ ਰਾਹੀਂ, ਅਸੀਂ ਇਹਨਾਂ ਲਈ ਲਚਕਦਾਰ, ਕਸਟਮ-ਅਨੁਕੂਲ ਵਿੱਤ ਅਤੇ ਲੀਜ਼ਿੰਗ ਹੱਲ ਪੇਸ਼ ਕਰਦੇ ਹਾਂ:
*ਨਵੇਂ ਜਾਂ ਵਰਤੇ ਗਏ ਉਪਕਰਣ
*ਕਨਸੋਲੀਡੇਸ਼ਨ ਲੋਨ
*ਕ੍ਰੈਡਿਟ ਲਾਈਨਾਂ
ਆਪਣੇ ਵਿਕਲਪਾਂ ਦੀ ਪੜਚੋਲ ਕਰਨ ਲਈ gisekham@crlease.ca 'ਤੇ ਗੁਰਪਾਲ ਸੀਖਮ ਨਾਲ ਸੰਪਰਕ ਕਰੋ ਜਾਂ crlease.ca 'ਤੇ ਜਾਓ।

672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada

# Call: 672-727-9560

.Ck Auto.

CK AUTO SERVICES LTD.



- Tune Ups
- Oil Change
- Wheel alignment
- Transmission
- Electrical
- Air Condition
- Electronic Fuel Injection
- Brakes
- Repairs
- Propane & Natural Gas
- Computerized Wheel Alignment
- Tires & Wheel Balancing

AUTO REPAIR SERVICES



-REASONABLE RATES
-EXPERIENCED -QUALITY WORK

.Ck Auto.



TARSHOTAM BIRAN

Cell: 778-322-1610
Tel: 604-592-2667
#106-13112-84th Ave.,Surrey
Open Mon to Sat 9 am to 6pm
SUNDAY CLOSED

www.deltondentures.com

DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

"We accept CANADIAN DENTAL CARE PLAN for Dentures"

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards


ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

WE ARE DENTURISTS

CONSUMER CHOICE AWARD 2018 VANCOUVER
Business Category Denturist

ਅਸੀਂ ਜੁਬਾੜੇ ਬਣਾਉਂਦੇ ਹਾਂ

Get a Beautiful Smile





Chris Kozakiewicz
BSc., R.D.

Mon-Fri: 9am-5pm, Saturdays By Appointment

Scott 72 Shopping Centre
#209- 7313-120th St., Delta ( Above London Drugs & Staples )


604.590.1111

ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ
ਅਤੇ ਵਿਦੇਸ਼ ਵਿੱਚ ਬੈਠਿਆਂ ਹੀ ਉਸਦਾ ਹੱਲ ਲੱਭਣਾ ਹੋਵੇ
ਜਾਂ ਇੰਡੀਆ ਵਿੱਚ ਆਪਣੀ ਜ਼ਮੀਨ ਵੇਚਣੀ ਹੋਵੇ ਤਾਂ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: ਕਨੇਡਾ:604-518-3637(ਵਟਸਐਪ)
ਇੰਡੀਆ:91-81467-00026(ਵਟਸਐਪ)
ਜਾਂ ਈਮੇਲ ਕਰੋ hssandhupcs@gmail.com



FOR ALL DENTAL NEEDS
Of Your Family & Friends



Dr. Inderpreet Sandhu
DDS

CLOVERDALE VILLAGE
DENTAL

Services Provided

· Dental Exams/X-rays · Extractions/Oral Surgery · Cleaning & Polishing · Root Canal Treatment
· Dentures & Mouth Guards · Dental Fillings · Teeth Whitening · Crowns & Bridges

Ph:604-579-0102

5635 - 176A Street, Surrey, BC (across the street from Cloverdale Library)
Cloverdalevillagedental@gmail.com



SAMARA
FRAMING LTD
RESIDENTIAL & COMMERCIAL

ਵਰਕਰਾਂ ਦੀ ਲੋੜ

ਸਾਡੇ ਕੋਲ LMIA ਉਪਲਬਧ ਹਨ

ਸਰੀ ਦੀ ਮਸ਼ਹੂਰ ਫਰੇਮਿੰਗ ਕੰਪਨੀ (ਸਮਾਰਾ ਫਰੇਮਿੰਗ ਲਿਮ:) ਵਾਲਿਆਂ ਨੂੰ ਵਰਕਰਾਂ ਦੀ ਤੁਰੰਤ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਵਧੀਆ ਦਿੱਤੀ ਜਾਵੇਗੀ। ਨਵੇਂ ਵੀ ਅਪਲਾਈ ਕਰ ਸਕਦੇ ਹਨ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪ੍ਰਬੰਧ। ਕੰਮ ਫੁੱਲ ਟਾਈਮ ਹਫਤੇ ਵਿਚ 6 ਦਿਨ ਚੱਲੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਬਲਜੀਤ 604-561-5467, ਗੈਰੀ 604-816-8422

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events



Capacity 350-375 seats

Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC    Email:info@dreambanquethall.ca



# LOVELY SWEET SHOP & RESTAURANT and BANQUET HALL

Dine In / Take Out

**Breakfast Special Combo**
10 am to 3pm

**Prantha Plate**
Choose 2 pranthas from Aloo/Gobhi or Mooli
With curd, butter and pickle

ਸਪੈਸ਼ਲ:ਚਾਟ ਪਾਪੜੀ,ਭੱਲੇ, ਚਨਾ ਕੁਲਚਾ

ਮੱਕੀ ਦੀ ਰੋਟੀ ਸਰ੍ਹੋਂ ਦਾ ਸਾਗ





| ਫਰੈਸ਼ ਤੰਦੂਰ ਤੋਂ | ਤੰਦੂਰ ਤੋਂ ਸਪੈਸ਼ਲ |
|---|---|
| Nan | ਤੰਦੂਰੀ ਚਿਕਨ |
| Parantha | ਚਿਕਨ ਟਿੱਕਾ |
| Onion Nan | ਫਿਸ਼ ਤੰਦੂਰੀ |
| Garlic Nan | ਪਨੀਰ ਟਿੱਕਾ |
| Lacha Parantha | ਸੀਖ ਕਬਾਬ |
| Special Nan | |

| ਫਰੈਸ਼ ਵੈਜੀ ਡਿਸ਼ਾਂ | ਖਾਣੇ ਵਿਚ ਸਪੈਸ਼ਲ |
|---|---|
| ਸ਼ਾਹੀ ਪਨੀਰ | Butter Chicken |
| ਚਿਲੀ ਪਨੀਰ | Goat Curry |
| ਕੜਾਹੀ ਪਨੀਰ | Lamb Curry |
| ਦਾਲ ਮਖਣੀ | Chicken Curry |
| ਭਿੰਡੀ ਮਸਾਲਾ | Chicken Kadahi |
| ਮਿਕਸ ਵੈਜੀ | Chilli Chicken |

ਚਰਨਜੀਤ ਸਿੰਘ ਢਿਲੋਂ
604-591-6660
604-591-6888
ਵੈਜੀ ਅਤੇ ਨਾਨ ਵੈਜੀ ਦਾ ਪੂਰਾ ਖਿਆਲ ਰੱਖਦੇ ਹਾਂ
50 Person to 200 Person Party Hall

ਗੁਰਦੁਆਰਾ, ਮੰਦਰ, ਪਾਰਕ ਜਾਂ ਘਰ ਜਾ ਕੇ ਪੂਰੇ ਬੀ.ਸੀ ਵਿਚ ਤੰਦੂਰ ਲਾ ਕੇ ਜਿੰਨੇ ਮਰਜੀ ਬੰਦਿਆਂ ਲਈ ਤਾਜਾ ਖਾਣਾ ਬਣਾਉਂਦੇ ਹਾਂ

ਕੇਟਰਿੰਗ ਸਪੈਸ਼ਲ

7168-128th St Surrey    Open Everyday 10am - 10pm



Discover the Real Punjabi Tadka

Chawla's² SINCE 1960
The Famous Taste of Punjab

Veg & Non Veg

# NOW OPEN
IN SURREY




ਲੁਧਿਆਣਾ ਦਾ ਮਸ਼ਹੂਰ
Chawla's Chicken
ਹੁਣ ਤੁਹਾਡੇ ਸ਼ਹਿਰ ਸਰੀ ਵਿਚ

Ph:778-637-0006

#107-8363 -128St, Surrey    Hours:Wednesday to Monday 10AM to 12 AM  Closed:Tuesday

# ਗੁਰਦਵਾਰਾ ਨਾਨਕ ਨਿਵਾਸ




8600 - NO. 5 RD., RICHMOND, B.C. • TEL: (604)274-7479, FAX: (604) 274-0046

## ਆਉਣ ਵਾਲੇ ਪ੍ਰੋਗਰਾਮ

29 ਜਨਵਰੀ ਦਿਨ ਵੀਰਵਾਰ ਸਾਮ 4:30 ਵਜੇ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਗੁਰਬਾਣੀ ਕੀਰਤਨ ਦੀ ਸੇਵਾ ਗੁਰਜੀਤ ਸਿੰਘ ਪਰਿਵਾਰ ਵੱਲੋਂ ਹੋਵੇਗੀ।

31 ਜਨਵਰੀ ਦਿਨ ਸ਼ਨਿੱਚਰਵਾਰ ਸਵੇਰੇ 9 ਵਜੇ ਬਲਜੀਤ ਕੌਰ ਵੱਲੋਂ ਸੁਖਮਨੀ ਸਾਹਿਬ ਜੀ ਦੇ ਪਾਠ, ਗੁਰਬਾਣੀ ਕੀਰਤਨ ਦੀ ਸੇਵਾ ਪਰਿਵਾਰ ਵੱਲੋਂ ਹੋਵੇਗੀ, ਉਪਰੰਤ ਕੁੜਮਾਈ ਦੀ ਰਸਮ ਹੋਵੇਗੀ, ਲੰਗਰਾਂ ਦੀ ਸੇਵਾ ਪਰਿਵਾਰ ਵੱਲੋਂ ਹੋਵੇਗੀ।

1 ਫਰਵਰੀ ਦਿਨ ਐਤਵਾਰ ਸਵੇਰੇ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵੀਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਹੋਵਗੀ।

6 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਸੁਰਿੰਦਰ ਸਿੰਘ ਜੌਹਲ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

8 ਫਰਵਰੀ ਦਿਨ ਐਤਵਾਰ ਸਵੇਰੇ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਹੋਵੇਗੀ।

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹਰ ਐਤਵਾਰ ਸਵੇਰੇ 10.30 ਵਜੇ ਤੋਂ 12 ਵਜੇ ਤੱਕ ਹਫ਼ਤਾਵਾਰੀ ਕੀਰਤਨ, ਕਥਾ ਸਮਾਗਮ ਹੁੰਦੇ ਹਨ, ਸੰਗਤ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਹਫ਼ਤਾਵਾਰੀ ਸਮਾਗਮ ਵਿੱਚ ਆ ਕੇ ਆਪਣੇ ਜੀਵਨ ਨੂੰ ਸਫਲ ਕਰੋ। ਜੇ ਕਿਸੇ ਪਰਿਵਾਰ ਨੇ ਹਫ਼ਤਾਵਾਰੀ ਦੀਵਾਨ ਵਿੱਚ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਲੈਣੀ ਹੋਵੇ ਉਹ ਪਰਿਵਾਰ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ।

ਜਰੂਰੀ ਸੂਚਨਾ: ਪੰਜਾਬੀ ਸਕੂਲ ਵਿਚ 7 ਸਤੰਬਰ ਦਿਨ ਐਤਵਾਰ ਤੋਂ ਪੰਜਾਬੀ ਕਲਾਸਾਂ ਸ਼ੁਰੂ ਹੋ ਗਈਆਂ ਹਨ, ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਉ ਤਾਂ ਜੋ ਬੱਚੇ ਪੰਜਾਬੀ ਬੋਲ,ਪੜ੍ਹ, ਲਿਖ ਸਕਣ। ਵਧੇਰੇ ਜਾਣਕਾਰੀ ਲਈ ਸਕੱਤਰ ਸ. ਬਲਵੰਤ ਸਿੰਘ ਸੰਘੇੜਾ ਨਾਲ 604-836-8976 ਤੇ ਸੰਪਰਕ ਕਰੋ।

**ਹਰ ਮੰਗਲਵਾਰ ਸਵੇਰੇ 10 ਵਜੇ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੁਖਮਨੀ ਸਾਹਿਬ ਵਾਲੀਆਂ ਬੀਬੀਆਂ ਵੱਲੋਂ ਹੁੰਦੀ ਹੈ**

### ਰੋਜ਼ਾਨਾ ਪ੍ਰੋਗਰਾਮ:

**ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ, ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ**

### ਸ਼ਾਮ ਦੇ ਦੀਵਾਨ:

**ਰਹਿਰਾਸ ਸਾਹਿਬ ਸ਼ਾਮ 6 ਤੋਂ 6:20 ਵਜੇ ਤੱਕ   ਕੀਰਤਨ/ਅਰਦਾਸ/ਹੁਕਮਨਾਮਾ 6.20 ਤੋਂ 6.45 ਵਜੇ ਤੱਕ   ਸੁਖਆਸਣ ਰਾਤ 8:00 ਵਜੇ**

| ਪ੍ਰਧਾਨ | ਖਜ਼ਾਨਚੀ | ਸਕੱਤਰ | ਸਹਾਇਕ ਸਕੱਤਰ |
|---|---|---|---|
| ਮੋਹਨ ਸਿੰਘ ਸੰਧੂ | ਕਮਲਜੀਤ ਸਿੰਘ ਦੁਸਾਂਝ | ਬਲਵੰਤ ਸਿੰਘ ਸੰਘੇੜਾ | ਕੰਵਰਜੀਤ ਸਿੰਘ ਸਹੋਤਾ |

## ਗੁਰਦੁਆਰਾ ਸਾਹਿਬ ਦਾ ਫੋਨ:604-274-7479

Email:iccc8600@gmail.com

# ਗੈਂਗਸਟਰ ਗੋਲਡੀ ਬਰਾੜ ਦੇ ਮਾਪੇ ਗ੍ਰਿਫ਼ਤਾਰ

ਮੁਕਤਸਰ:-ਗੈਂਗਸਟਰ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਦੇ ਮਾਪਿਆਂ ਨੂੰ ਮੁਕਤਸਰ ਜ਼ਿਲ੍ਹਾ ਪੁਲੀਸ ਨੇ ਜਬਰਨ ਵਸੂਲੀ ਦੇ ਇੱਕ 2024 ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਹੈ। ਇਹ ਗ੍ਰਿਫ਼ਤਾਰੀਆਂ ਸੂਬਾ ਪੁਲੀਸ ਵੱਲੋਂ ਗੈਂਗਸਟਰਾਂ ਅਤੇ ਉਨ੍ਹਾਂ ਦੇ ਨੈੱਟਵਰਕਾਂ ਵਿਰੁੱਧ ਤੇਜ਼ ਕੀਤੀ ਗਈ ਕਾਰਵਾਈ ਦੌਰਾਨ ਹੋਈਆਂ ਹਨ। ਸਦਰ ਮੁਕਤਸਰ ਪੁਲੀਸ ਸਟੇਸ਼ਨ ਦੇ ਐੱਸਐੱਚਓ ਸਬ-ਇੰਸਪੈਕਟਰ ਦਰਸ਼ਨ ਸਿੰਘ ਨੇ 'ਟ੍ਰਿਬਿਊਨ ਸਮੂਹ' ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗੋਲਡੀ ਬਰਾੜ ਦੇ ਪਿਤਾ ਅਤੇ ਮਾਤਾ ਨੂੰ ਅੰਮ੍ਰਿਤਸਰ ਤੋਂ ਉਦੇਕਰਨ ਪਿੰਡ ਦੇ ਇੱਕ ਵਸਨੀਕ ਦੇ ਬਿਆਨਾਂ ਫ਼ਰਸਤੋਤੇ ਦਰਜ ਜਬਰਨ ਵਸੂਲੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

## ਮੋਦੀ 1 ਫਰਵਰੀ ਦੀ ਸ਼ਾਮ ਡੇਰਾ ਬੱਲਾਂ ਆਉਣਗੇ



ਜਲੰਧਰ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਹਿਲੀ ਫਰਵਰੀ ਨੂੰ ਲੋਕ ਸਭਾ ਵਿੱਚ ਆਮ ਬਜਟ ਪੇਸ਼ ਹੋਣ ਤੋਂ ਬਾਅਦ ਸ਼ਾਮੀਂ ਚਾਰ ਵਜੇ ਰਵਿਦਾਸ ਜੈਅੰਤੀ ਮੌਕੇ ਜਲੰਧਰ ਦੇ ਡੇਰਾ ਬੱਲਾਂ 'ਚ ਨਤਮਸਤਕ ਹੋਣਗੇ। ਡੇਰਾ ਬੱਲਾਂ ਦੇ ਸੰਤ ਨਿਰੰਜਨ ਦਾਸ ਨੂੰ ਦੋ ਦਿਨ ਪਹਿਲਾਂ ਹੀ ਪਦਮਸ੍ਰੀ ਐਵਾਰਡ ਦੇਣ ਦਾ ਵੀ ਐਲਾਨ ਹੋਇਆ ਹੈ। ਮੋਦੀ ਦੇ ਦੌਰੇ ਦੀ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਪੁਸ਼ਟੀ ਕੀਤੀ ਹੈ।

ਡੇਰਾ ਬੱਲਾਂ ਦੇ ਵੱਡੀ ਗਿਣਤੀ ਵਿੱਚ ਪੈਰੋਕਾਰ ਹਨ ਅਤੇ ਦੁਆਬੇ ਵਿੱਚ ਵੱਡਾ ਆਧਾਰ ਵੀ ਹੈ। ਪ੍ਰਧਾਨ ਮੰਤਰੀ ਮੋਦੀ ਦੀ ਫੇਰੀ ਦੇ ਸਿਆਸੀ ਮਾਅਨੇ ਵੀ ਹਨ, ਕਿਉਂਕਿ ਪੰਜਾਬ ਵਿਧਾਨ ਸਭਾ ਚੋਣਾਂ ਹੁਣ ਬਹੁਤਾ ਦੂਰ ਨਹੀਂ ਹਨ। ਪੰਜਾਬ 'ਚ 34 ਫੀਸਦੀ ਆਬਾਦੀ ਅਨੁਸੂਚਿਤ ਜਾਤੀਆਂ ਦੀ ਹੈ। ਭਾਜਪਾ ਪੰਜਾਬ 'ਚ ਐਤਕੀਂ ਇਕੱਲੇ ਤੌਰ 'ਤੇ ਚੋਣਾਂ ਲੜਨ ਦੇ ਰੌਂਅ ਵਿੱਚ ਹੈ। ਸਿਆਸੀ ਹਲਕੇ ਪ੍ਰਧਾਨ ਮੰਤਰੀ ਦੀ ਇਸ ਫੇਰੀ ਨੂੰ ਆਗਾਮੀ ਚੋਣਾਂ ਦੀ ਤਿਆਰੀ ਵਜੋਂ ਦੇਖ ਰਹੇ ਹਨ।

## ਮੋਦੀ ਸਰਕਾਰ ਵੱਲੋਂ ਦੇਸ਼ ਨੂੰ 'ਰਾਜੇ-ਮਹਾਰਾਜਿਆਂ' ਦੇ ਪੁਰਾਣੇ ਯੁੱਗ ਵੱਲ ਧੱਕਣ ਦੀ ਕੋਸ਼ਿਸ਼:ਰਾਹੁਲ


ਦਿੱਲੀ:-ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਗੰਭੀਰ ਇਲਜ਼ਾਮ ਲਾਉਂਦਿਆਂ ਕਿਹਾ ਕਿ ਮਨਰੇਗਾ ਨੂੰ ਖ਼ਤਮ ਕਰਨ ਪਿੱਛੇ ਸਰਕਾਰ ਦੀ ਮਨਸ਼ਾ ਮਜ਼ਦੂਰਾਂ ਤੋਂ ਉਨ੍ਹਾਂ ਦੀ ਦਿਹਾੜੀ ਤੈਅ ਕਰਨ ਦਾ ਹੱਕ ਖੋਹਣਾ ਹੈ। ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ 'ਤੇ ਮਨਰੇਗਾ ਮਜ਼ਦੂਰਾਂ ਨਾਲ ਆਪਣੀ ਗੱਲਬਾਤ ਦੀ ਇੱਕ ਵੀਡੀਓ ਸਾਂਝੀ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਪੰਚਾਇਤਾਂ ਦੀਆਂ ਸ਼ਕਤੀਆਂ ਖੋਹ ਕੇ ਸਾਰੀ ਤਾਕਤ ਦਿੱਲੀ ਦੇ ਹੱਥਾਂ ਵਿੱਚ ਕੇਂਦਰਿਤ ਕਰਨਾ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਇਹ ਕਦਮ ਦੇਸ਼ ਨੂੰ ਮੁੜ ਉਸ 'ਰਾਜੇ-ਮਹਾਰਾਜਿਆਂ' ਵਾਲੇ ਪੁਰਾਣੇ ਯੁੱਗ ਵੱਲ ਧੱਕਣ ਦੀ ਕੋਸ਼ਿਸ਼ ਹੈ, ਜਿੱਥੇ ਸਾਰੀ ਦੌਲਤ ਅਤੇ ਸ਼ਕਤੀ ਸਿਰਫ਼ ਕੁਝ ਚੁਣੇ ਹੋਏ ਹੱਥਾਂ ਵਿੱਚ ਹੁੰਦੀ ਸੀ।ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਜਿਨ੍ਹਾਂ ਮਜ਼ਦੂਰਾਂ ਲਈ ਮਨਰੇਗਾ ਜੀਵਨ ਬਦਲਣ ਵਾਲੀ ਯੋਜਨਾ ਸੀ ਅੱਜ ਉਹੀ ਮਜ਼ਦੂਰ ਇਸ ਸਰਕਾਰ ਨੂੰ 'ਗੁਲਾਮ ਬਣਾਉਣ ਵਾਲੀ ਸਰਕਾਰ' ਕਹਿ ਰਹੇ ਹਨ।

## ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਮਾਰਚ ਵਿੱਚ ਭਾਰਤ ਦਾ ਦੌਰਾ ਕਰਨਗੇ

ਆਟਵਾ:-ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਮਾਰਚ ਦੇ ਪਹਿਲੇ ਹਫ਼ਤੇ ਭਾਰਤ ਦਾ ਦੌਰਾ ਕਰਨ ਲਈ ਤਿਆਰ ਹਨ। ਇਸ ਦੌਰਾਨ ਦੋਵੇਂ ਦੇਸ਼ ਆਪਣੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕਈ ਮਾਮਲਿਆਂ 'ਤੇ ਗੱਲਬਾਤ ਕਰਨਗੇ ਤੇ ਸਮਝੌਤੇ ਸਹੀਬੰਦ ਕਰਨਗੇ। ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਯਾਤਰਾ ਦੌਰਾਨ ਯੂਰੇਨੀਅਮ, ਊਰਜਾ, ਖਣਿਜ ਅਤੇ ਮਸਨੂਈ ਬੌਧਿਕਤਾ ਦੇ ਮਾਮਲਿਆਂ 'ਤੇ ਸਮਝੌਤਿਆਂ 'ਤੇ ਦਸਤਖਤ ਹੋਣਗੇ।ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਕੈਨੇਡਾ ਦੇ ਊਰਜਾ ਮੰਤਰੀ ਟਿਮ ਹਾਜਸਨ ਇਸ ਹਫ਼ਤੇ ਭਾਰਤ ਦਾ ਦੌਰਾ ਕਰ ਰਹੇ ਹਨ, ਜਿਨ੍ਹਾਂ ਨੇ ਪੁਸ਼ਟੀ ਕੀਤੀ ਹੈ ਕਿ ਪ੍ਰਧਾਨ ਮੰਤਰੀ ਕਾਰਨੀ ਭਾਰਤ ਦਾ ਦੌਰਾ ਕਰਨਗੇ ਪਰ ਇਸ ਸਬੰਧੀ ਹਾਲੇ ਤਕ ਅਧਿਕਾਰਤ ਤੌਰ 'ਤੇ ਤਰੀਕ ਨਹੀਂ ਐਲਾਨੀ ਗਈ।


SUPER SANDHU

ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।



ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910

Charlie Sandhu: 604-864-7711



ਮਨ ਮਨੁੱਖ ਦੀ ਕੁੰਜੀ ਹੈ — Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more



"Homeopath R S Saini receiving International Award"

Director, West coast Homeopathic Society of Canada

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases

Dr.R S Saini & Dr. Shveta Has The Latest Knowledge For The Cure Of These Diseases.

ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



THE CARPLAZA CAR ACCESSORIES

THE CARPLAZA
CAR ACCESSORIES

All Types Of Car Accessories & Installation Available

ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ



*Seat Covers *Matts
*Woofers & Ambient Lights
*Android Car Player Available



Especially For Uber & Lyft Camera

778-977-0032, 778-713-6949

#5-12357-82A Ave, Surrey, BC

# ਇੰਡੋ ਕਨੇਡੀਅਨ ਸੀਨੀਅਰ ਸੈਂਟਰ ਦਾ ਰਵਾਇਤੀ ਮਹੀਨਾਵਾਰ ਕਵੀ ਦਰਬਾਰ



ਸਰੀ (ਹਰਚੰਦ ਸਿੰਘ ਅੱਚਰਵਾਲ) ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰ੍ਹੀ-ਡੈਲਟਾ ਦਾ ਮਹੀਨਾਵਾਰ ਕਵੀ ਦਰਬਾਰ 25 ਦਸੰਬਰ, 2026 ਦਿਨ ਐਤਵਾਰ ਨੂੰ ਓਪਰਲੇ ਹਾਲ ਵਿੱਚ ਠੀਕ 1.00 ਵਜੇ ਪ੍ਰਧਾਨ ਸ: ਅਵਤਾਰ ਸਿੰਘ ਢਿੱਲੋ ਦੀ ਪ੍ਰਧਾਨਗੀ ਹੇਠ ਪੂਰੀ ਧੂਮ-ਧਾਮ ਨਾਲ ਸ਼ੁਰੂ ਹੋਇਆ ਜੋ ਕਿ ਸ਼ਹੀਦ ਮੇਵਾ ਸਿੰਘ ਲੋਪੋਕੇ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਸੀ। ਇਸ ਕਰਕੇ ਜਿਆਦਾਤਰ ਰਚਨਾਵਾਂ ਇਸੇ ਹੀ ਵਿਸ਼ੇ ਤੇ ਪੜੀਆਂ ਗਈਆਂ। ਜਿੰਨ੍ਹਾ ਕਵੀ ਸੱਜਨਾਂ ਅਤੇ ਬੁਲਾਰਿਆਂ ਨੇ ਭਾਗ ਲਿਆ, ਓਹਨਾ ਵਿੱਚ ਅਵਤਾਰ ਸਿੰਘ ਬਰਾੜ, ਗੁਰਚਰਨ ਸਿੰਘ ਬਰਾੜ, ਇੰਦਰਜੀਤ ਸਿੰਘ ਧਾਮੀ, ਨਿਰੰਜਨ ਸਿੰਘ ਲੇਹਲ, ਸੁਖਪ੍ਰੀਤ ਸਿੰਘ, ਦਰਸ਼ਨ ਸਿੰਘ ਅਟਵਾਲ, ਦਵਿੰਦਰ ਕੋਰ ਜੋਹਲ, ਬੀਬੀ ਭਗਵੰਤ ਕੋਰ ਚਾਹਲ, ਮਨਜੀਤ ਸਿੰਘ ਮੱਲ੍ਹਾ, ਹਰਚੰਦ ਸਿੰਘ ਗਿੱਲ, ਗੁਰਦਿਆਲ ਸਿੰਘ ਜੋਹਲ, ਬੀਬੀ ਇੰਦਰਜੀਤ ਕੋਰ ਸੰਧੂ, ਪਵਿਤਰ ਕੋਰ ਬਰਾੜ, ਕੁਲਵੰਤ ਸਿੰਘ ਸਿਰੋਤਾ, ਸਵਰਨਜੀਤ ਸਿੰਘ ਸੰਧੂ, ਬਲਬੀਰ ਸਿੰਘ ਸੰਘਾ, ਅਮਰੀਕ ਸਿੰਘ ਲੇਹਲ, ਪ੍ਰੋ: ਸ਼ਮੀਰ ਸਿੰਘ, ਸਵਰਨ ਸਿੰਘ ਚਾਹਲ, ਬੇਅੰਤ ਸਿੰਘ ਢਿੱਲੋ, ਗੁਰਦਰਸ਼ਨ ਸਿੰਘ ਬਾਦਲ, ਬੀਬੀ ਅਮਰਜੀਤ ਕੋਰ ਆਦਿ ਕਵੀਆਂ ਨੇ ਖੂਬ ਰੰਗ ਬੰਨ੍ਹੇ। ਸਟੇਜ ਸਕੱਤਰ ਦੀ ਜਿੰਮੇਵਾਰੀ ਸ: ਹਰਚੰਦ ਸਿੰਘ ਗਿੱਲ ਨੇ ਨਿਭਾਈ। ਇਸ ਮੋਕੇ ਤੇ ਸਾਰੀਆਂ ਹੀ ਰਚਨਾਵਾਂ ਬਹੁਤ ਹੀ ਭਾਵਪੂਰਕ ਅਤੇ ਵੈਰਾਗ ਵਿੱਚ ਭਿੱਜੀਆਂ ਹੋਇਆਂ ਸਨ। ਪੂਰੇ ਪ੍ਰੋਗਰਾਮ ਦੋਰਾਨ ਸਾਰੇ ਸਰੋਤੇ ਇਕ ਤਰਾ ਨਾਲ ਮੰਤਰ-ਮੁਗਧ ਹੋਏ ਰਹੇ। ਸ: ਸੰਤੋਖ ਸਿੰਘ ਮੰਡੇਰ ਅੰਤਰਰਾਸ਼ਟਰੀ ਲੇਖਕ ਮੁਖ ਮਹਿਮਾਨ ਦੇ ਤੋਰ ਤੇ ਸ਼ਾਮਲ ਹੋਏ ਜਿੰਨਾ ਨੇ ਆਪਣੀਆ ਜੀਵਨਭਰ ਦੀਆ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਉਹਨਾ ਨੇ ਆਪਣੀ ਤ੍ਰੈ ਮਾਸਕ ਖੇਡ ਮੈਗਜੀਨ “ਖੇਡ ਸੰਸਾਰ” ਵੀ ਜਾਰੀ ਕੀਤੀ ਅਤੇ ਕਾਪੀਆਂ ਵੀ ਵੰਡੀਆ। ਅੰਤ ਵਿਚੱ ਪ੍ਰਧਾਨ ਸ: ਅਵਤਾਰ ਸਿੰਘ ਢਿੱਲੋ ਨੇ ਸ਼ਹੀਦ ਮੇਵਾ ਸਿੰਘ ਲੋਪੋਕੇ ਦੀ ਸ਼ਹੀਦੀ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਸ: ਨਿਰੰਜਣ ਸਿੰਘ ਲੇਹਲ ਦਾ ਵਿਸ਼ੇਸ ਤੋਰ ਤੇ ਧੰਨਵਾਦ ਕੀਤਾ ਜੋ ਕਿ ਹਮੇਸ਼ਾ ਹੀ ਸੀਨੀਅਰ ਸੈਂਟਰ ਦੇ ਸਾਰੇ ਪ੍ਰੋਗਰਾਮਾ ਦੀ ਫੋਟੋ ਗ੍ਰਾਫੀ ਅਤੇ ਵੀਡੀਓ ਆਪਣੇ ਚੈਨਲ “ਸਿਧੀ ਗਲ” ਤੇ ਵਿਖਓਂਦੇ ਹਨ। ਚਾਹ ਪਾਣੀ ਦੀ ਸੇਵਾ ਅਪਣੇ ਬੇਟੇ ਦੇ ਨਵੇ ਕਲੀਨਿਕ ਖੋਲਣ, ਓਹਨਾ ਦੇ ਜਨਮ ਦਿਨ ਅਤੇ ਅਪਣੇ ਪੋਤੇ-ਪੋਤੀ ਦੀ ਲੋਹਣੀ ਮਨਓਦਿਆਂ ਬੀਬੀ ਭਗਵੰਤ ਕੋਰ ਚਾਹਲ ਵੱਲੋ ਕੀਤੀ ਗਈ।





**A-CLASS** Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace

GURJIT
CERTIFIED TECHNICIAN
(24Hrs)

**Off: 604-543-6239**
#103-12465-82Ave Surrey, BC

**A-CLASS** Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

**Cell: 604-351-2538**
**Tel:604-596-5474**

CLASS "A" CERTIFIED & LICENCED ELECTRICIANS

MANJIT

**DAWN RENOVATION**
Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।

ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**
daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

**ਲੱਖੀ ਰੈਨੋਵੇਸ਼ਨ**

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ

15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**
lakhwindersembhi@yahoo.ca

**STORM**
**ELECTRIC LTD.**
Residential & Commercial
Licenced & Bonded

*All Kinds Of Electrical Service
*Best Rate
*Friendly Service
*Quality Workmanship

STORM ELECTRIC LTD EST. 2020

**Mandeep Dhaliwal**
(Certified Electrician)
**778-994-7207**
Email:stormelectricltd@gmail.com

**Up-To-Date Finishing**
ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ
We are specialized in Custom Wood Working:
Residential & Commercial Renovations

- Doors
- Mouldings
- Fire Place
- Base Board
- Hardy Plank
- Wood Floor

All kinds of exterior finishing

**Sanjeev Dhir** **778.320.9413**
sanjeevkumarsk52@gmail.com

# ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ-ਡੈਲਟਾ ਵਿਖੇ ਕਵੀ ਦਰਬਾਰ ਆਯੋਜਿਤ

ਸਰੀ (ਹਰਦਮ ਸਿੰਘ ਮਾਨ) ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਨੂੰ ਸਮਰਪਿਤ ਕਵੀ ਦਰਬਾਰ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ, ਜੋ ਕਿ ਕਵੀ ਸਾਹਿਬਾਨਾਂ ਦੇ ਭਰਪੂਰ ਹੁੰਗਾਰੇ ਨਾਲ ਬੜੀ ਸ਼ਰਧਾ, ਉਤਸ਼ਾਹ ਅਤੇ ਗੁਰਮਤਿ ਮਾਹੌਲ ਵਿਚ ਸੰਪੂਰਨ ਹੋਇਆ। ਇਸ ਸਮਾਗਮ ਦੌਰਾਨ ਵੱਖ-ਵੱਖ ਖੇਤਰਾਂ ਤੋਂ ਪਹੁੰਚੇ ਪ੍ਰਸਿੱਧ ਕਵੀਆਂ ਨੇ ਗੁਰਮਤਿ, ਸਿੱਖ ਇਤਿਹਾਸ ਅਤੇ ਪੰਥਕ ਚੇਤਨਾ ਨੂੰ ਆਧਾਰ ਬਣਾ ਕੇ ਉੱਚ ਕੋਟੀ ਦੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਸੰਗਤਾਂ ਵੱਲੋਂ ਇਨ੍ਹਾਂ ਰਚਨਾਵਾਂ ਨੂੰ ਭਰਪੂਰ ਸਨਮਾਨ ਅਤੇ ਸਰਾਹਨਾ ਪ੍ਰਾਪਤ ਹੋਈ।

ਚਾਰ ਸਾਲ ਦੀ ਉਮਰ ਦੀ ਬੱਚੀ ਤੋਂ ਲੈ ਕੇ 90 ਸਾਲ ਦੇ ਬਜ਼ੁਰਗਾਂ ਤੱਕ ਦੀ ਸ਼ਮੂਲੀਅਤ ਵਾਲੇ ਇਸ ਪ੍ਰਭਾਵਸ਼ਾਲੀ ਕਵੀ ਦਰਬਾਰ ਸਮਾਗਮ ਦੌਰਾਨ ਡਾ. ਗੁਰਵਿੰਦਰ ਸਿੰਘ ਵੱਲੋਂ ਸੰਚਾਲਨ ਦੀ ਸੇਵਾ ਨਿਭਾਈ ਗਈ। ਉਨ੍ਹਾਂ ਨੇ ਬਹੁਤ ਹੀ ਸੁਚੱਜੇ, ਸਲੀਕੇਦਾਰ ਅਤੇ ਜ਼ਿੰਮੇਵਾਰ ਢੰਗ ਨਾਲ ਸਮਾਗਮ ਦੀ ਸ਼ੋਭਾ ਨੂੰ ਨਿਖਾਰਿਆ। ਕਰੀਬ ਢਾਈ ਘੰਟੇ ਤੱਕ ਚੱਲੇ ਇਸ ਕਵੀ ਦਰਬਾਰ ਦੌਰਾਨ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਡਾ. ਗੁਰਵਿੰਦਰ ਸਿੰਘ ਸਮੇਤ, ਮਾਸਟਰ ਅਮਰੀਕ ਸਿੰਘ ਲੇਹਲ, ਅਵਤਾਰ ਸਿੰਘ ਬਰਾੜ, ਬੰਤਾ ਸਿੰਘ ਸਭਰਵਾਲ, ਬਾਵਾ ਸਿੰਘ ਹੂੰਜਣ ਪਰਮਜੀਤ ਸਿੰਘ ਨਿੱਜਰ, ਹਰਚੰਦ ਸਿੰਘ ਗਿੱਲ ਅਚਰਵਾਲ, ਪ੍ਰਬਲੀਨ ਕੌਰ ਕੈਂਬੋ, ਹਰਿਜਸ ਕੌਰ, ਸਿਮਰਨ ਕੌਰ, ਗੁਰਲੀਨ ਕੌਰ, ਗੁਰਮੀਤ ਸਿੰਘ ਤੂਰ, ਸੁਖਵਿੰਦਰ ਸਿੰਘ, ਹਰਜਿੰਦਰ ਕੌਰ ਅਤੇ ਕੁਲਵੰਤ ਸਿੰਘ ਸਰੋਤਾ ਪੰਜਾਬੀ ਸਾਹਿਤ ਸਭਾ ਮੁਕਤਸਰ ਸਮੇਤ ਸਾਰੇ ਭਾਗੀਦਾਰ ਕਵੀਆਂ ਨੂੰ ਪ੍ਰਸ਼ੰਸਾ ਪੱਤਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਸਮਾਗਮ ਦੀ ਸਫਲਤਾ ਲਈ ਸਹਿਯੋਗੀ ਸੇਵਾਦਾਰਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ।

ਪੰਜਾਬੀ ਸਾਹਿਤ ਸਭਾ ਮੁਕਤਸਰ ਤੋਂ ਲੇਖਕ ਅਤੇ ਪੱਤਰਕਾਰ ਕੁਲਵੰਤ ਸਿੰਘ ਸਰੋਤਾ ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਸਿੱਖ ਲਿਖਾਰੀ ਭਾਈ ਬੰਤਾ ਸਿੰਘ ਸਭਰਵਾਲ ਨੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਨੂੰ ਇੱਕ ਯਾਦਗਾਰੀ ਸੁਗਾਤ ਭੇਟ ਕਰਦਿਆਂ 50 ਸਾਲਾ ਪੁਰਾਣੇ ਇਤਿਹਾਸ ਦੀ ਸਾਂਝ ਪਾਈ।




# HOME IMPROVEMENT


SINGH RAJ
RENOVATION CO.
We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.
SPECIALISTS IN
Maintain+Repair & New Installation
Reasonable Rates
20Yrs Exprienced
Call Raj: 778-229-9261

TOOR LANDSCAPING & FENCE
RESIDENTIAL & COMMERCIAL
• ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2X3 ਦਾ ਫਰੇਮ ਸੋਲਿਡ $210 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।
ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ

ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
604-729-3225
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200

ਸੰਦਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੇਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ: 604-725-6270

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੂਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

# ਗੁਰਪ੍ਰੀਤ ਸਿੰਘ ਰੀਹਲ ਤੇ ਲੱਗੀਆਂ ਪਾਬੰਦੀਆਂ ਵਿਰੁੱਧ ਡਰਬੀ ਵਿਖੇ ਪੰਥਕ ਕਾਨਫਰੰਸ ਕਾਨੂੰਨੀ ਅਤੇ ਸਿਆਸੀ ਤੌਰ ਤੇ ਲੜਨ ਲਈ ਸਿੱਖ ਕੌਮ ਨੂੰ ਇਕਜੁੱਟ ਹੋਣ ਦਾ ਦਿੱਤਾ ਸੱਦਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਸਰਕਾਰ ਵੱਲੋਂ ਬੀਤੇ ਦਿਨੀ ਸਿੱਖ ਕਾਰੋਬਾਰੀ ਗੁਰਪ੍ਰੀਤ ਸਿੰਘ ਰੀਹਲ ਤੇ ਲਗਾਈਆਂ ਪਾਬੰਦੀਆਂ ਨੂੰ ਲੈ ਕੇ ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਪੰਥਕ ਕਾਨਫਰੰਸ ਕੀਤੀ ਗਈ। ਜਿਸ ਵਿੱਚ ਯੂ ਕੇ, ਯੂਰਪ, ਕੈਨੇਡਾ ਅਤੇ ਅਮਰੀਕਾ ਆਦਿ ਦੇਸ਼ਾਂ ਤੋਂ ਸਿੱਖ ਆਗੂ ਪਹੁੰਚੇ। ਇਸ ਮੌਕੇ ਜਿੱਥੇ ਗੁਰਪ੍ਰੀਤ ਸਿੰਘ ਦੇ ਵਕੀਲਾਂ ਨੇ ਕਾਨੂੰਨੀ ਪੱਖ ਤੋਂ ਜਾਣੂ ਕਰਵਾਇਆ ਉੱਥੇ ਹੀ ਬੁਲਾਰਿਆਂ ਨੇ ਕਿਹਾ ਕਿ ਸਰਕਾਰ ਨੇ ਪਾਬੰਦੀਆਂ ਤੋਂ ਪਹਿਲਾਂ ਨਾ ਤਾਂ ਇਸ ਦੇ ਕਾਰਨਾਂ ਬਾਰੇ ਦੱਸਿਆ ਅਤੇ ਨਾ ਹੀ ਗੁਰਪ੍ਰੀਤ ਸਿੰਘ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਕੀਤੀ। ਬੁਲਾਰਿਆਂ ਨੇ ਕਿਹਾ ਕਿ ਇਹ ਸਭ ਭਾਰਤ ਸਰਕਾਰ ਦੇ ਇਸ਼ਾਰਿਆਂ ਤੇ ਹੋ ਰਿਹਾ ਹੈ ਅਤੇ ਯੂ ਏ ਪੀ ਏ ਵਾਂਗ ਵਿਦੇਸ਼ਾਂ ਵਿੱਚ ਵੀ ਸਿੱਖਾਂ ਦੀ ਅਵਾਜ਼ ਬੰਦ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਬਰਤਾਨੀਆ ਸਰਕਾਰ ਦੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਆਲੋਚਨਾ ਕੀਤੀ। ਇੰਗਲੈਂਡ ਵਿੱਚ ਗੁਰਪ੍ਰੀਤ ਸਿੰਘ ਖ਼ਿਲਾਫ ਕਾਰਵਾਈ ਨੂੰ ਵਿਦੇਸ਼ੀ ਲੋਕਤੰਤਰ ਵਿੱਚ ਭਾਰਤ ਦੀ ਦਖਲਅੰਦਾਜ਼ੀ ਆਖਦਿਆਂ ਇਸ ਨੂੰ ਸਿੱਖਾਂ ਲਈ ਪਰਖ ਦੀ ਘੜੀ ਕਿਹਾ। ਬੁਲਾਰਿਆਂ ਨੇ ਕਿਹਾ ਕਿ ਕਿ ਸਿੱਖ ਸੰਸਦ ਮੈਂਬਰ ਵੀ ਪੰਥ ਦੀ ਅਵਾਜ਼ ਨਹੀਂ ਬਣ ਰਹੇ। ਬੁਲਾਰਿਆਂ ਨੇ ਕਿਹਾ ਕਿ ਸਿੱਖਾਂ ਦੇ ਮਨਾਂ ਵਿੱਚ ਰੋਸ ਹੈ ਕਿ ਜੇ ਸਿੱਖ ਸੰਸਦ ਮੈਂਬਰ ਯੂਕਰੇਨ ਜਾਂ ਫਲਸਤੀਨ ਲਈ ਬੋਲ ਸਕਦੇ ਹਨ ਤਾਂ ਉਹ ਸਿੱਖ ਰਾਜ ਬਾਰੇ ਕਿਉਂ ਨਹੀਂ ਬੋਲਦੇ?

ਦੁਨੀਆ ਦੀਆਂ ਸਰਕਾਰਾਂ ਅੰਤਰਰਾਸ਼ਟਰੀ ਕਾਨੂੰਨਾਂ ਦੀਆਂ ਧੱਜੀਆਂ ਉਡਾ ਰਹੀਆਂ ਹਨ। ਸਵੈ ਨਿਰਣੇ ਦਾ ਕਾਨੂੰਨੀ ਤੌਰ ਤੇ ਅਧਿਕਾਰ ਹੈ ਪਰ ਫਿਰ ਵੀ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਗੁਰਪ੍ਰੀਤ ਸਿੰਘ ਦੀ ਪਤਨੀ ਰਾਜਵਿੰਦਰ ਕੌਰ ਨੇ ਕਿਹਾ ਕਿ ਪਾਬੰਦੀਆਂ ਤੋਂ ਬਾਅਦ ਘਰ ਨੂੰ ਚਲਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਪਰ ਫਿਰ ਵੀ ਚੜ੍ਹਦੀ ਕਲਾ ਲਈ ਅਰਦਾਸ ਕਰਦੀ ਹਾਂ।ਗੁਰਪ੍ਰੀਤ ਸਿੰਘ ਰੀਹਲ ਨੇ ਕਿਹਾ ਮੈਂ ਪਾਬੰਦੀਆਂ ਕਾਰਨ ਬਹੁਤਾ ਕੁਝ ਕਹਿ ਨਹੀਂ ਸਕਦਾ ਪਰ ਅੱਜ ਦੇ ਇਕੱਠ ਨੇ ਹੌਂਸਲਾ ਦਿੱਤਾ ਹੈ। ਉਹਨਾਂ ਕਿਹਾ ਕਿ ਮੇਰਾ ਗੁਨਾਹ ਸਿੱਖਾਂ ਦੀ ਅਜ਼ਾਦੀ ਲਈ ਖੜ੍ਹਨਾ ਹੈ। ਅਸੀਂ ਕਾਨੂੰਨੀ ਜਵਾਬ ਦੇਵਾਂਗੇ। ਮੇਰੀ ਅਸਲ ਕਚਹਿਰੀ ਸੰਗਤ ਹੈ ਅਤੇ ਸਿੱਖਾਂ ਦੀ ਜਿੱਤ ਹੋਵੇਗੀ।ਆਖਿਰ ਵਿੱਚ ਗੁਰਪ੍ਰੀਤ ਸਿੰਘ ਦੇ ਕੇਸ ਨੂੰ ਕਾਨੂੰਨੀ ਤੌਰ ਤੇ ਅਤੇ ਸਿਆਸੀ ਤੌਰ ਤੇ ਲੜਨ ਲਈ ਸਮੁੱਚੀ ਸਿੱਖ ਕੌਮ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ।ਕਾਨਫਰੰਸ ਨੂੰ ਪ੍ਰਭਜੋਤ ਸਿੰਘ ਵਕੀਲ ਕੈਨੇਡਾ, ਮਨਪ੍ਰੀਤ ਸਿੰਘ ਡਰਬੀ,ਰਣਜੀਤ ਸਿੰਘ ਸਰਾਏ, ਦਵਿੰਦਰਜੀਤ ਸਿੰਘ, ਮਨਿੰਦਰ ਸਿੰਘ ਕੈਨੇਡਾ, ਸ਼ਮਸ਼ੇਰ ਸਿੰਘ, ਭਾਈ ਹਿੰਮਤ ਸਿੰਘ ਯੂ ਐਸ ਏ, ਦਲਜੀਤ ਸਿੰਘ ਸੌਕਟਨ, ਹਰਦਿਆਲ ਸਿੰਘ, ਅਮਨਦੀਪ ਸਿੰਘ ਸਕੌਟਨ, ਮਨਦੀਪ ਸਿੰਘ ਕੈਨੇਡਾ, ਬਲਵਿੰਦਰ ਸਿੰਘ, ਗੁਰਪਾਲ ਸਿੰਘ, ਡਾ. ਗੁਰਨਾਮ ਸਿੰਘ, ਬਲਵੰਤ ਸਿੰਘ ਸਿਆਟਲ ਆਦਿ ਨੇ ਸੰਬੋਧਨ ਕੀਤਾ।ਇਸ ਮੌਕੇ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨ ਯੂ ਕੇ, ਵਿਸ਼ਵ ਸਿੱਖ ਪਾਰਲੀਮੈਂਟ, ਯੁਨਾਈਟਡ ਖ਼ਾਲਸਾ ਦਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਅਖੰਡ ਕੀਰਤਨੀ ਜੱਥਾ, ਸਿੱਖ ਫਾਰ ਜਸਟਿਸ, ਸਿੱਖ ਫੈਡਰੇਸ਼ਨ, ਇੰਟਰਨੈਸ਼ਨਲ ਪੰਥਕ ਦਲ ਆਦਿ ਸਮੇਤ ਯੂ ਕੇ ਦੀਆਂ ਸਿੱਖ ਸੰਸਥਾਵਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦੇ ਹਾਜ਼ਰ ਸਨ।

## ਜਲੇਬੀਆਂ ਪਿੱਛੇ ਜੰਗ:ਪੰਚਾਇਤ ਭਵਨ ‘ਚ ਚੱਲੀਆਂ ਡਾਂਗਾਂ ਅਤੇ ਇੱਟਾਂ

ਪਟਨਾ:-ਬਿਹਾਰ ਦੇ ਜਹਾਨਾਬਾਦ ਜ਼ਿਲ੍ਹੇ ਤੋਂ ਇੱਕ ਬੇਹੱਦ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਗਣਤੰਤਰ ਦਿਵਸ ਦੇ ਸ਼ੁਭ ਮੌਕੇ ‘ਤੇ ਜਿੱਥੇ ਖੁਸ਼ੀ ਦਾ ਮਾਹੌਲ ਹੋਣਾ ਚਾਹੀਦਾ ਸੀ, ਉੱਥੇ ਸਿਰਫ਼ ‘ਜਲੇਬੀ’ ਨੂੰ ਲੈ ਕੇ ਹੋਏ ਵਿਵਾਦ ਨੇ ਹਿੰਸਕ ਰੂਪ ਧਾਰ ਲਿਆ।

ਕਿਵੇਂ ਸ਼ੁਰੂ ਹੋਇਆ ਹੰਗਾਮਾ?

ਘਟਨਾ ਪਸਰਬੀਘਾ ਥਾਣਾ ਖੇਤਰ ਦੇ ਗੋਨਵਾਂ ਪੰਚਾਇਤ ਭਵਨ ਦੀ ਹੈ: ਪੰਚਾਇਤ ਮੁਖੀ ਅਮਰਨਾਥ ਸਿੰਘ ਨੇ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਪਿੰਡ ਵਾਸੀਆਂ ਲਈ ਇੱਕ ਕੁਇੰਟਲ ਜਲੇਬੀ ਦਾ ਪ੍ਰਬੰਧ ਕੀਤਾ ਸੀ। ਰਿਪੋਰਟਾਂ ਅਨੁਸਾਰ, ਜਿਵੇਂ ਹੀ ਝੰਡਾ ਲਹਿਰਾਇਆ ਗਿਆ, ਕੁਝ ਸ਼ਰਾਰਤੀ ਅਨਸਰ ਜਲੇਬੀਆਂ ਦੇ ਥਾਲ ਚੁੱਕ ਕੇ ਭੱਜਣ ਲੱਗੇ।

ਜਦੋਂ ਮੁਖੀ ਦੇ ਸਮਰਥਕਾਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਮਾਮਲਾ ਇੰਨਾ ਵਿਗੜ ਗਿਆ ਕਿ ਲੋਕਾਂ ਨੇ ਡੰਡੇ, ਲੋਹੇ ਦੀਆਂ ਰਾਡਾਂ ਅਤੇ ਇੱਟਾਂ-ਪੱਥਰਾਂ ਨਾਲ ਇੱਕ-ਦੂਜੇ ‘ਤੇ ਹਮਲਾ ਕਰ ਦਿੱਤਾ।ਪੰਚਾਇਤ ਮੁਖੀ ਅਮਰਨਾਥ ਸਿੰਘ ਨੇ ਦੋਸ਼ ਲਾਇਆ ਕਿ ਉਨ੍ਹਾਂ ‘ਤੇ ਜਾਨੋਂ ਮਾਰਨ ਦੀ ਨੀਅਤ ਨਾਲ ਹਮਲਾ ਕੀਤਾ ਗਿਆ, ਜਿਸ ਕਾਰਨ ਉਨ੍ਹਾਂ ਨੂੰ ਮੌਕੇ ਤੋਂ ਭੱਜ ਕੇ ਆਪਣੀ ਜਾਨ ਬਚਾਉਣੀ ਪਈ।

## ਇਰਾਨ ਦੀ ਕਰੰਸੀ ‘ਰਿਆਲ’ ਇਤਿਹਾਸ ਦੇ ਸਭ ਤੋਂ ਹੇਠਲੇ ਪੱਧਰ ਤੇ

ਤਹਿਰਾਨ:-ਇਰਾਨ ਵਿੱਚ ਆਰਥਿਕ ਤੰਗੀ ਕਾਰਨ ਭੜਕੀ ਹਿੰਸਾ ਅਤੇ ਪ੍ਰਦਰਸ਼ਨਾਂ ਨੇ ਭਿਆਨਕ ਰੂਪ ਧਾਰ ਲਿਆ ਹੈ।ਅਮਰੀਕਾ ਸਥਿਤ ਹਿਊਮਨ ਰਾਈਟਸ ਐਕਟੀਵਿਸਟ ਨਿਊਜ਼ ਏਜੰਸੀ ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਇਰਾਨੀ ਫੌਜ ਵੱਲੋਂ ਕੀਤੀ ਗਈ ਕਾਰਵਾਈ ਵਿੱਚ ਮਰਨ ਵਾਲਿਆਂ ਵਿੱਚ 86 ਬੱਚੇ ਅਤੇ 49 ਅਜਿਹੇ ਨਾਗਰਿਕ ਸ਼ਾਮਲ ਹਨ ਜੋ ਪ੍ਰਦਰਸ਼ਨਾਂ ਦਾ ਹਿੱਸਾ ਵੀ ਨਹੀਂ ਸਨ।ਹੁਣ ਤੱਕ 41,800 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।ਇਰਾਨੀ ਪ੍ਰਸ਼ਾਸਨ ਨੇ ਦੇਸ਼ ਵਿੱਚ ਇਤਿਹਾਸ ਦੀ ਸਭ ਤੋਂ ਸਖ਼ਤ ਇੰਟਰਨੈੱਟ ਬਲੈਕਆਊਟ ਲਗਾਈ ਹੋਈ ਹੈ, ਤਾਂ ਜੋ ਅੰਦਰੂਨੀ ਖ਼ਬਰਾਂ ਵਿਸ਼ਵ ਤੱਕ ਨਾ ਪਹੁੰਚ ਸਕਣ। ਹਾਲਾਂਕਿ ਸਰਕਾਰ ਮੌਤਾਂ ਦੀ ਗਿਣਤੀ ਸਿਰਫ਼ 3,117 ਦੱਸ ਰਹੀ ਹੈ ਪਰ ਕਾਰਕੁਨਾਂ ਦਾ ਕਹਿਣਾ ਹੈ ਕਿ ਅਸਲ ਅੰਕੜਾ ਕਿਤੇ ਜ਼ਿਆਦਾ ਖ਼ੌਫ਼ਨਾਕ ਹੈ।








ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT $1650
2 PCS SOFA & LOVE SEAT $1650
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ



+91 77175-02848
+91 98146-12006
+91 99882-68982
GE
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ ਜਲੰਧਰ ਨਕੋਦਰ
ਮੋਗਾ ਅੰਮ੍ਰਿਤਸਰ ਨਵਾਂ ਸ਼ਹਿਰ
ਲੁਧਿਆਣਾ ਚੰਡੀਗੜ੍ਹ ਫਿਲੌਰ
BOOK NOW!
24/7 CUSTOMER SUPPORT
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ *24 ਘੰਟੇ ਸਰਵਿਸ
WE OFFER VARIETY OF CARS OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES